ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਗੁਰਮਤਿ ਪ੍ਰਚਾਰਕ ੧੯ ਅੱਧ-ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ ॥


# ਸੂਰਾ

ਪਟਿਆਲਾ

੫ ਅਕਤੂਬਰ ੧੯੭੦

5 OCTOBER 1970

## ਭਾਈ ਸਾਹਿਬ ਜੀ ਦੀ ਇਕ ਪੁਰਾਤਨ ਯਾਦ



ਕੁਰਸੀਆਂ ਤੇ—ਭਾ: ਬਿਕ੍ਰਮ ਸਿੰਘ ਜੀ, ਭਾ: ਪ੍ਰੀਤਮ ਸਿੰਘ ਜੀ 'ਚਾਨੀ', ਭਾ: ਚਰਨ ਸਿੰਘ ਜੀ ਨਾਰੰਗਵਾਲ, ਭਾ: ਚਰਨ ਸਿੰਘ ਜੀ ਵਡਾਲਾ, ਭਾ: ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ਭਾ. ਸਾਹਿਬ ਭਾ: ਰਣਧੀਰ ਸਿੰਘ ਜੀ ਅਤੇ ਉਨ੍ਹਾਂ ਦੀ ਸਪੁਤ੍ਰੀ (ਉਪਰ ਖੜੇ) ਬੀਬੀ ਦਲੇਰ ਕੌਰ, ਸੰਤ ਜਵਾਲਾ ਸਿੰਘ ਜੀ, ਭਾ: ਹਰਨਾਮ ਸਿੰਘ ਜੀ ਉਬਰਾਏ, ਭਾ: ਪ੍ਰੀਤਮ ਸਿੰਘ ਜੀ, ਭਾਈ ਬਹਾਦਰ ਸਿੰਘ ਜੀ ਗ੍ਰੰਥੀ ਅਨੰਦਪੁਰ ਸਾਹਿਬ । ਭਾਈ ਅਮੋਲਕ ਸਿੰਘ ਜੀ ਜਮਸ਼ੇਦਪੁਰ, ਜਿਨ੍ਹਾਂ ਦੇ ਗ੍ਰਹਿ ਵਿਖੇ ਤਕਰੀਬਨ 1945 ਵਿਚ ਭਾਈ ਸਾਹਿਬ ਜੀ ਜਥੇ ਸਮੇਤ ਪੁਜੇ, ਤਾਂ ਸੰਮੂਹ ਸਿੰਘਾਂ ਦੀ ਫ਼ੋਟੋ ਲਈ ਗਈ । ਭਾ: ਅਮੋਲਕ ਸਿੰਘ ਜੀ ਭਾਈ ਸਾਹਿਬ ਜੀ ਦੇ ਅਗੇ ਹੇਠਾਂ ਸਿੰਘਾਂ ਨਾਲ ਬੈਠੇ ਦਿਖਾਈ ਦੇ ਰਹੇ ਹਨ ।

www.AKJ.Org

# * ਲੇਖ–ਸੂਚੀ *


| ਲੇਖ | ਪੰਨਾ | ਲੇਖਕ |
|---|---|---|
| ਮਾਇਆ ਦਾ ਪ੍ਰਭਾਵ ਤੇ ਇਸ ਤੋਂ ਛੁਟਕਾਰਾ | ੭ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਬ੍ਰਹਮ-ਵੀਚਾਰ ਦੇ ਰੰਗ | ੧੩ | ਗਿ: ਦਲਜੀਤ ਸਿੰਘ ਜੀ 'ਕਮਲ' ਦਿਲੀ |
| ਅਜਹੁ ਸੁ ਨਾਉ ਸਮੁਦ੍ਰ ਮਹਿ......... | ੧੭ | ਭਾਈ ਰਘਬੀਰ ਸਿੰਘ ਜੀ, ਪਟਿਆਲਾ |
| ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੮ | ਬੇਦੀ ਹਰਪਾਲ ਸਿੰਘ ਜੀ, ਪਟਿਆਲਾ |
| ਭਾਈ ਲਾਲ ਸਿੰਘ ਸਰਬਲੋਹੀ (ਧਾਂਦਰਾ) | ੨੧ | ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਐਡੀਟਰ ਦੀ ਡਾਕ | ੨੫ | ਸੰਪਾਦਕ |
| ਵਹਿ ਪ੍ਰਗਟਿਓ ਮਰਦ ਅਗੰਮੜਾ...... | ੨੮ | ਗਿਆਨੀ ਜਸਮੇਰ ਸਿੰਘ ਜੀ, 'ਪਾਲ' |
| ਮਾਈ ਮਾਇਆ ਛਲੁ | ੩੨ | ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ |
| ਗੁਰਮਤਿ ਤੇ ਫ਼ਿਲਮਾਂ | ੩੬ | ਸ੍ਰ: ਰਾਮ ਸਿੰਘ ਜੀ, ਬੀ.ਏ.,ਬੀ.ਟੀ. ਇੰਗਲੈਂਡ |


## ਧੰਨਵਾਦ !

'ਸੂਰਾ' ਦੇ ਟਾਈਟਲ (ਪਹਿਲੇ ਪੰਨੇ) ਤੇ ਛਪੀ ਹੋਈ ਪੁਰਾਤਨ ਫ਼ੋਟੋ ਭਾਈ ਆਤਮਾ ਸਿੰਘ ਜੀ ਪੰਜਖੋਰਾ ਸਾਹਿਬ ਵਾਲਿਆਂ ਤੋਂ ਪ੍ਰਾਪਤ ਹੋਈ ਹੈ, ਉਹਨਾਂ ਦਾ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ। ਨਾਲ ਹੀ ਹੋਰ ਕਿਸੇ ਸਜਣ ਪਾਸ ਭਾਈ ਸਾਹਿਬ ਜੀ ਦੀ ਪੁਰਾਤਨ ਫ਼ੋਟੋ ਹੋਵੇ ਤਾਂ ਉਸਦੀ ਕਾਪੀ ਦਫ਼ਤਰ 'ਸੂਰਾ' ਵਿਚ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਅਤੀ ਧੰਨਵਾਦੀ ਹੋਵਾਂਗੇ।

ਦਾਸ–ਸੰਪਾਦਕ, 'ਸੂਰਾ'
ਗੁਰਦੁਆਰਾ ਕਲਗੀਧਰ ਸਭਾ,
ਧੋਬੀ ਘਾਟ, ਪਟਿਆਲਾ।

## ਪਾਠਕਾਂ ਪ੍ਰਤੀ ਬੇਨਤੀ

ਪਾਠਕਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਪਾਠਕਾਂ ਨੂੰ ਅਸੀਂ ਚਿੱਠੀਆਂ ਪਾਈਆਂ ਸਨ ਉਹਨਾਂ ਵਿਚ ਜਿਨ੍ਹਾਂ ਦੇ ਉਤਰ ਪੁਜੇ ਕਿ ਚੰਦਾ ਭੇਜ ਰਹੇ ਹਾਂ, ਉਹ ਕ੍ਰਿਪਾ ਕਰ ਕੇ ਚੰਦਾ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ। ਸਾਡੇ ਵਲੋਂ ਜਵਾਬੀ ਕਾਰਡ ਇਸ ਲਈ ਲਿਖੇ ਗਏ ਸਨ ਕਿ ਪਾਠਕਾਂ ਵਲੋਂ ਉਤਰ ਆਉਣ ਵਿਚ ਦੇਰੀ ਨਾ ਲਗੇ। ਸੋ ਕਈ ਪਾਠਕਾਂ ਵਲੋਂ ਅਜੇ ਤਕ ਉਤਰ ਨਹੀਂ ਪੁਜੇ ਕਿਰਪਾ ਕਰ ਕੇ ਸ਼ੀਘਰ ਹੀ ਉਤਰ ਬਖਸ਼ਕੇ ਧੰਨਵਾਦੀ ਬਨਾਉਣ।

ਦਾਸ–ਮੈਨੇਜਰ, 'ਸੂਰਾ'
ਧੋਬੀ ਘਾਟ, ਪਟਿਆਲਾ।

## ਪੰਜਾਬ ਖਾਲਸਾ ਦਲ ਦੇ ਵਰਕਰਜ਼ ਟਰੇਨਿੰਗ ਕੈਂਪ ਵਿਚ ੧੧੦ ਵਿਦਿਆਰਥੀਆਂ ਦਾ ਪ੍ਰਣ

ਸ੍ਰ: ਜਗਜੀਤ ਸਿੰਘ 'ਦਰਦੀ' ਪ੍ਰਧਾਨ ਪੰਜਾਬ ਖਾਲਸਾ ਦਲ ਖ਼ਬਰ ਦੇਂਦੇ ਹਨ ਕਿ ਨੌਜਵਾਨਾਂ ਅਤੇ ਵਿਦਿਆਰਥੀਆਂ ਦੀ ਨਿਰੋਲ ਧਾਰਮਕ ਜਥੇਬੰਦੀ ਪੰਜਾਬ ਖਾਲਸਾ ਦਲ ਵਲੋਂ ਮਾਡਲ ਟਾਊਨ ਪਟਿਆਲਾ ਵਿਖੇ ਵਰਕਰ ਟਰੇਨਿੰਗ ਕੈਂਪ ਲਗਾਇਆ ਗਿਆ। ਪਟਿਆਲੇ ਦੇ ਵੱਖ ਵੱਖ ਸਕੂਲਾਂ ਕਾਲਜਾਂ ਦੇ ੧੧੦ ਵਿਦਿਆਰਥੀਆਂ ਨੇ ਇਸ ਕੈਂਪ ਵਿਚ ਸ਼ਾਮਲ ਹੋ ਕੇ ਸਿੱਖ ਧਰਮ ਦੇ ਮਹਾਨ ਆਦਰਸ਼ਾਂ ਦੀ ਜਾਣਕਾਰੀ ਪ੍ਰਾਪਤ ਕੀਤੀ। ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਕਮਾਲੀਏ ਵਾਲੇ, ਸ੍ਰ: ਗੁਰਬਚਨ ਸਿੰਘ ਐਮ. ਏ., ਸੰਤ ਸ਼ਮਸ਼ੇਰ ਸਿੰਘ ਐਮ. ਏ., ਡਾ: ਅਵਤਾਰ ਸਿੰਘ ਗੁਰੂ ਗੋਬਿੰਦ ਸਿੰਘ ਭਵਨ ਪੰਜਾਬੀ ਯੂਨੀਵਰਸਿਟੀ ਅਤੇ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਇਸ ਕੈਂਪ ਵਿਚ ਸ਼ਾਮਲ ਹੋ ਕੇ ਵਿਦਿਆਰਥੀਆਂ ਨੂੰ ਗੁਰਮਤਿ ਵਿਚਾਰ ਧਾਰਾ ਤੋਂ ਜਾਣੂ ਕਰਵਾਇਆ।

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


੧ੴ ਵਾਹਿਗੁਰੂ ਜੀ ਕੀ ਫਤਹਿ ॥

ਮਾਸਕ

# ਸੂਰਾ ਪਟਿਆਲਾ

ਪੱਤਰ

## ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ ਸੂਰਾ

**ਸਾਲਾਨਾ ਚੰਦਾ**

ਦੇਸ 12 ਰੁਪਏ

ਪ੍ਰਦੇਸ ਸਮੁੰਦਰੀ ਡਾਕ 20 ਰੁਪਏ

ਪ੍ਰਦੇਸ ਹਵਾਈ ਡਾਕ 60 ਰੁਪਏ

ਲਾਈਫ ਮੈਂਬਰ 250 ਰੁਪਏ

ਪ੍ਰਤੀ ਕਾਪੀ 70 ਪੈਸੇ

*

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੫ ਅਕਤੂਬਰ ਮੁਤਾਬਕ ੨੦ ਅੱਸੂ ੫੦੧ ਨਾਨਕ ਸ਼ਾਹੀ [ ਅੰਕ ੧੯


ਅਸੁਨਿ ਪ੍ਰੇਮ ਉਮਾਹੜਾ, ਕਿਉ ਮਿਲੀਐ ਹਰਿ ਜਾਇ।
ਮਨਿ ਤਨਿ ਪਿਆਸ ਦਰਸਨ ਘਣੀ, ਕੋਈ ਆਣਿ ਮਿਲਾਵੈ ਮਾਇ।
ਸੰਤ ਸਹਾਈ ਪ੍ਰੇਮ ਕੇ, ਹਉ ਤਿਨ ਕੈ ਲਾਗਾ ਪਾਇ।
ਵਿਣੁ ਪ੍ਰਭ ਕਿਉ ਸੁਖੁ ਪਾਈਐ, ਦੂਜੀ ਨਾਹੀ ਜਾਇ।
ਜਿੰਨੀ ਚਾਖਿਆ ਪ੍ਰੇਮ ਰਸੁ, ਸੇ ਤ੍ਰਿਪਤਿ ਰਹੇ ਆਘਾਇ।
ਆਪੁ ਤਿਆਗਿ ਬਿਨਤੀ ਕਰਹਿ, ਲੇਹੁ ਪ੍ਰਭੂ ਲੜਿ ਲਾਇ।
ਜੋ ਹਰਿ ਕੰਤਿ ਮਿਲਾਈਆ, ਸਿ ਵਿਛੁੜਿ ਕਤਹਿ ਨ ਜਾਇ।
ਪ੍ਰਭ ਵਿਣੁ ਦੂਜਾ ਕੋ ਨਹੀ, ਨਾਨਕ ਹਰਿ ਸਰਣਾਇ।
ਅਸੂ ਸੁਖੀ ਵਸੰਦੀਆ, ਜਿਨਾ ਮਇਆ ਹਰਿ ਰਾਇ।੮।

(ਬਾਰਹਮਾਹਾ ਮਾਝ ਮਹਲਾ ੫ ਘਰੁ ੪)


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

## ਅਖੰਡ ਕੀਰਤਨੀ ਜਥਿਆਂ ਵਲੋਂ ਦਖਣੀ ਪਛਮੀ ਭਾਰਤ ਦੇ

# ਪਰਚਾਰ ਦੌਰੇ ਦਾ ਪਰੋਗਰਾਮ

## ਜੱਥੇ ਦੀ ੯ ਅਕਤੂਬਰ ਨੂੰ ਚਲ ਕੇ ੧ ਨਵੰਬਰ ਨੂੰ ਵਾਪਸੀ

ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ੯ ਅਕਤੂਬਰ ਦਿਨ ਸ਼ੁਕਰਵਾਰ ਤੋਂ ਹੇਠ ਲਿਖੇ ਪਰੋਗਰਾਮ ਅਨੁਸਾਰ ਦਖਣੀ ਪਛਮੀ ਭਾਰਤ ਦੇ ਪ੍ਰਚਾਰ ਦੌਰੇ ਦਾ ਇਕ ਸਪੈਸ਼ਲ ਬਸ ਰਾਹੀਂ ਪਰੋਗਰਾਮ ਬਣਾਇਆ ਗਿਆ ਹੈ। ਇਸ ਪਰੋਗਰਾਮ ਵਿਚ ਸ੍ਰੀਮਾਨ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ, ਗੁਰੂ ਕੇ ਕੀਰਤਨੀਏ ਭਾਈ ਜੀਵਨ ਸਿੰਘ ਜੀ, ਭਾਈ ਪ੍ਰੀਤਮ ਸਿੰਘ ਜੀ 'ਚਾਨੀ' ਅਤੇ ਹੋਰ ਅਨੇਕਾਂ ਕੀਰਤਨੀ ਸਿੰਘ ਸਿੰਘਣੀਆਂ ਸ਼ਾਮਲ ਹੋ ਰਹੇ ਹਨ।

## ਜ਼ਰੂਰੀ ਬੇਨਤੀਆਂ

੧. ਸਿੰਘਾਂ ਦੀ ਸਰਕਾਰੀ ਛੁਟੀਆਂ ਨੂੰ ਮੁਖ ਰਖ ਕੇ ਜੱਥਾ ੮ ਅਕਤੂਬਰ ਦੀ ਬਜਾਏ ੯ ਅਕਤੂਬਰ ਸ਼ੁਕਰਵਾਰ ਨੂੰ ਪਟਿਆਲੇ ਤੋਂ ਚਾਲੇ ਪਾਵੇਗਾ। ਸਬੰਧਤ ਸਜਣ ਨੋਟ ਕਰ ਲੈਣ।

੨. ਇਸ ਪਰੋਗਰਾਮ ਲਈ ਕੇਵਲ ਤੇ ਕੇਵਲ ਇਕ ਹੀ ਬਸ ਜਾ ਰਹੀ ਹੈ ਜਿਸ ਵਿਚ ਸੀਟਾਂ ਮੁਕੰਮਲ ਹੋ ਜਾਣ ਕਾਰਨ ਹੋਰ ਕੋਈ ਵੀ ਸਜਣ ਨਾਲ ਜਾਣ ਲਈ ਚਿੱਠੀ ਪੱਤ੍ਰ ਕਰਨ ਦੀ ਖੇਚਲ ਨ ਕਰੇ। ਜਿਨ੍ਹਾਂ ਪਿਆਰਿਆਂ ਨੇ ਸਤਿਗੁਰੂ ਜੀ ਦੀ ਸੇਵਾ ਲਈ ਨਾਲ ਜਾਣਾ ਹੈ ਉਹਨਾਂ ਨੂੰ ਪਤ੍ਰਕਾਵਾਂ ਰਾਹੀਂ ਬੇਨਤੀਆਂ ਕੀਤੀਆਂ ਜਾ ਚੁਕੀਆਂ ਹਨ।

੩. ਪਟਿਆਲੇ ਤੋਂ ਜੱਥਾ ੯ ਅਕਤੂਬਰ ਸ਼ੁਕਰਵਾਰ ਸ਼ਾਮ ਨੂੰ ੭ ਵਜੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸ਼ਾਮ ਨੂੰ ੫॥ ਵਜੇ ਤੋਂ ੬॥ ਵਜੇ ਤਕ ਕੀਰਤਨ ਦੀਆਂ ਘੁੰਮਰਾਂ ਪਾ ਕੇ ਉਪਰੰਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਚਾਲੇ ਪਾਵੇਗਾ।

੪. ਜੋ ਪਟਿਆਲੇ ਤੋਂ ਬਾਹਰ ਦੇ ਸਿੰਘ ਸਿੰਘਣੀਆਂ ਹਨ ਉਹ ਕਿਰਪਾ ਕਰਕੇ ਜਾਂ ਤਾਂ ਸਿਧਾ ੯ ਅਕਤੂਬਰ ਸ਼ਾਮ ਨੂੰ ਪਟਿਆਲੇ ਵਿਚ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਅਪੜ ਜਾਣ ਜਾਂ ਫਿਰ ੧੦ ਅਕਤੂਬਰ ਸ਼ਾਮ ਨੂੰ ਸਿਧਾ ਦਿਲੀ ਪੁਜ ਕੇ ਪ੍ਰਬੰਧਕਾਂ ਨੂੰ ਪੁਜਣ ਦੀ ਇਤਲਾਹ ਦੇਣ ਦੀ ਕ੍ਰਿਪਾਲਤਾ ਕਰਨ ਪਰ ਸਿੱਧਾ ਦਿਲੀ ਪੁਜਣ ਵਾਲੇ ਸਿੰਘ ਹੇਠ ਲਿਖੇ ਪਤੇ ਤੇ ਪਹਿਲਾਂ ਇਤਲਾਹ ਜ਼ਰੂਰ ਹੀ ਭੇਜਣ ਦੀ ਕ੍ਰਿਪਾ ਕਰਨ।

੫. ਇਸ ਜੱਥੇ ਦੇ ਹਰ ਸਿੰਘ ਸਿੰਘਣੀ ਕੋਲ ਹੇਠ ਲਿਖੀਆਂ ਵਸਤਾਂ ਹੋਣੀਆਂ ਚਾਹੀਦੀਆਂ ਹਨ:– ਛੋਟਾ ਅਟੈਚੀਕੇਸ, ਗਰਮੀਆਂ ਦਾ ਹਲਕਾ ਜਿਹਾ ਬਿਸਤਰਾ, ਪਰਸ਼ਾਦੇ ਛਕਣ ਲਈ ਦੋ ਬਰਤਨ (ਹੋ ਸਕੇ ਤਾਂ ਸਰਬ ਲੋਹ ਦੇ)।

੬. ਬਾਣਾ:—ਸਿੰਘ ਸਿੰਘੀਆਂ ਲਈ ਹੇਠ ਲਿਖਿਆ ਬਾਣਾ ਜ਼ਰੂਰੀ ਹੈ।

(ੳ) ਸਿੰਘ:—(੧) ਗੂੜ੍ਹੀ ਕਾਲੀ ਦਸਤਾਰ (੨) ਪੀਲੀ ਕੇਸਕੀ (੩) ਦਸਤਕਾਰ ਉਪਰ ਸਜਾਉਣ ਲਈ ਚੱਕਰ ਖੰਡਾ (੪) ਦਾਹੜਾ ਪ੍ਰਕਾਸ਼ ਹੋਣਾ ਚਾਹੀਦਾ ਹੈ (੫) ਕਮੀਜ਼ ਦੇ ਉਪਰ ਦੀ ਕਾਲਾ ਗਾਤਰਾ (੬) ਹੱਥ ਵਿਚ ਵੱਡੀ ਸਿਰੀ ਸਾਹਿਬ ਜਾਂ ਕੋਈ ਹੋਰ ਸ਼ਸਤ੍ਰ।

(ਅ) ਸਿੰਘਣੀ:—(੧) ਕਾਲੀ ਕੇਸਕੀ (੨) ਗੂੜ੍ਹੀ ਕਾਲੀ ਚੁੰਨੀ (੩) 'ਜਿਤੁ ਪੈਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ' ਦੇ ਹੁਕਮ ਮੁਤਾਬਕ ਤੰਗ ਬਸਤ੍ਰ ਬਿਲਕੁਲ ਨਹੀਂ ਪਾਉਣੇ। (੪) ਕਮੀਜ਼ ਉਤੋਂ ਦੀ



www.AKJ.Org

ਕਾਲਾ ਗਾਤਰਾ (੫) ਕੇਸਕੀ ਨਾਲ ਸਾਰੇ ਕੇਸ ਢੱਕੇ ਹੋਏ ਜ਼ਰੂਰੀ ਹੋਣੇ ਚਾਹੀਦੇ ਹਨ । (੬) ਜਿਥੋਂ ਤਕ ਹੋ ਸਕੇ ਲਿਬਾਸ ਸਾਦੇ ਤੋਂ ਸਾਦਾ ਤੇ ਸਾਰੇ ਅੰਗਾਂ ਨੂੰ ਢਕਣ ਵਾਲਾ ਹੋਵੇ ।

੭. ਚੂੰਕਿ ਹਰ ਥਾਂ ਤੇ ਸਤਿਗੁਰੂ ਜੀ ਦੇ ਦਰ ਤੇ ਜਾ ਕੇ ਸੇਵਾ ਹੀ ਕਰਨੀ ਹੈ ਇਸ ਲਈ ਸਭ ਜਾ ਰਹੇ ਸਿੰਘ ਸਿੰਘਣੀਆਂ ਪ੍ਰਤੀ ਸਭ ਘਰੇਲੂ ਕੰਮ ਕਾਜ ਤਿਆਗ ਕੇ ਕੇਵਲ ਸੇਵਾ ਦੇ ਮੰਤਵ ਨੂੰ ਮੁਖ ਰਖ ਕੇ ਉਪਰ ਦਿਤੇ ਅਨੁਸਾਰ ਸਮੇਂ ਦੀ ਪਾਬੰਦੀ ਲਾਜ਼ਮੀ ਰਖਣ ਲਈ ਜੋਦੜੀਆਂ ਹਨ ।

ਸੂਬਤ ਸਿੰਘ ਸਿੰਘਣੀਆਂ ਪ੍ਰਤੀ ਉਪਰੋਕਤ ਬੇਨਤੀਆਂ ਵਲ ਜ਼ਰੂਰ ਧਿਆਨ ਦੇਣ ਲਈ ਜੋਦੜੀ ਹੈ ।

## * ਪਰੋਗਰਾਮ *

| ਕਿਥੋਂ ਕਿਥੇ ? | ਚਲਣ ਦਾ ਸਮਾਂ | ਮਿਤੀ | ਪਹੁੰਚ ਦਾ ਸਮਾਂ |
|---|---|---|---|
| ਪਟਿਆਲੇ ਤੋਂ ਦਿੱਲੀ | ੭ ਵਜੇ ਸ਼ਾਮ | ੯-੧੦-੭੦ | ੨ ਵਜੇ ਰਾਤ |
| ਦਿੱਲੀ ਤੋਂ ਜੈਪੁਰ | ੯ ਵਜੇ ਸਵੇਰੇ | ੧੧-੧੦-੭੦ | ੪ ਵਜੇ ਸ਼ਾਮ |
| ਜੈਪੁਰ ਤੋਂ ਕੋਟਾ | ੮ ਵਜੇ ਸਵੇਰੇ | ੧੨-੧੦-੭੦ | ੪ ਵਜੇ ਸ਼ਾਮ |
| ਕੋਟੇ ਤੋਂ ਬੜੌਦਾ | ੪ ਵਜੇ ਸਵੇਰੇ | ੧੪-੧੦-੭੦ | ੬ ਵਜੇ ਸ਼ਾਮ |
| ਬੜੌਦੇ ਤੋਂ ਬੰਬਈ | ੮ ਵਜੇ ਸਵੇਰੇ | ੧੫-੧੦-੭੦ | ੭ ਵਜੇ ਸ਼ਾਮ |
| ਬੰਬਈ ਤੋਂ ਪੂਨਾ | ੧੧ ਵਜੇ ਸਵੇਰੇ | ੧੮-੧੦-੭੦ | ੩ ਵਜੇ ਸ਼ਾਮ |
| ਪੂਨਾ ਤੋਂ ਹਜ਼ੂਰ ਸਾਹਿਬ | ੬ ਵਜੇ ਸਵੇਰੇ | ੨੦-੧੦-੭੦ | ੪ ਵਜੇ ਸ਼ਾਮ |
| ਹਜ਼ੂਰ ਸਾਹਿਬ ਤੋਂ ਇੰਦੌਰ | ੫ ਵਜੇ ਸਵੇਰੇ | ੨੨-੧੦-੭੦ | ੫ ਵਜੇ ਸ਼ਾਮ |
| ਇੰਦੌਰ ਤੋਂ ਭੁਪਾਲ | ੧ ਵਜੇ ਦੁਪਹਿਰ | ੨੩-੧੦-੭੦ | ੬ ਵਜੇ ਸ਼ਾਮ |
| ਭੋਪਾਲ ਤੋਂ ਗਵਾਲੀਅਰ | ੬ ਵਜੇ ਸਵੇਰੇ | ੨੫-੧੦-੭੦ | ੬ ਵਜੇ ਸ਼ਾਮ |
| ਗਵਾਲੀਅਰ ਤੋਂ ਆਗਰਾ | ੧੨ ਵਜੇ ਦੁਪਹਿਰ | ੨੬-੧੦-੭੦ | ੬ ਵਜੇ ਸ਼ਾਮ |
| ਆਗਰਾ ਤੋਂ ਮਥਰਾ | ੩ ਵਜੇ ਸ਼ਾਮ | ੨੭-੧੦-੭੦ | ੫ ਵਜੇ ਸ਼ਾਮ |
| ਮਥਰਾ ਤੋਂ ਮੇਰਠ | ੧੧ ਵਜੇ ਸਵੇਰੇ | ੨੮-੧੦-੭੦ | ੬ ਵਜੇ ਸ਼ਾਮ |
| ਮੇਰਠ ਤੋਂ ਹਰਿਦੁਆਰ | ੧੦ ਵਜੇ ਸਵੇਰੇ | ੩੦-੧੦-੭੦ | ੩ ਵਜੇ ਸ਼ਾਮ |
| ਹਰਿਦੁਆਰ ਤੋਂ ਰੁੜਕੀ | ੧੨ ਵਜੇ ਦੁਪਹਿਰ | ੩੧-੧੦-੭੦ | ੫ ਵਜੇ ਸ਼ਾਮ |
| ਰੁੜਕੀ ਤੋਂ ਜਗਾਧਰੀ | ੧੨ ਵਜੇ ਦੁਪਹਿਰ | ੧–੧੧–੭੦ | ੪ ਵਜੇ ਸ਼ਾਮ |
| ਜਗਾਧਰੀ ਤੋਂ ਪਟਿਆਲਾ | ੯ ਵਜੇ ਰਾਤ | ੧–੧੧–੭੦ | ੧੨ ਵਜੇ ਰਾਤ |

ਨੋਟ:—ਸਮੇਂ ਵਿਚ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰ ਮੁਖੀ ਪ੍ਰਬੰਧਕਾਂ ਨੂੰ ਹੋਵੇਗਾ ।

—ਹਰ ਪ੍ਰਕਾਰ ਦੀ ਪੁਛ ਗਿੱਛ ਲਈ ਪਤਾ—

ਭਾਈ ਮਹਿੰਦਰ ਸਿੰਘ, ੧੨–ਈ, ਮਾਲਵਾ ਕਲੋਨੀ, ਨੇੜੇ ਮੋਤੀ ਪੈਲਸ, ਪਟਿਆਲਾ ।

ਦਾਸਰੇ—ਅਖੰਡ ਕੀਰਤਨੀ ਜੱਥਾ, ਪਟਿਆਲਾ ।



www.AKJ.Org

# ਦਿਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਦੋਇ ਕਰਿ ਜੋੜ ਆਪ ਜੀ ਦੇ ਪਵਿਤ੍ਰ ਚਰਨਾਂ ਵਿਚ ਬਿਨੈ ਹੈ ਕਿ ਸਦਾ ਵਾਂਗ ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਮਿਹਰ ਦਾ ਸਦਕਾ ਗੁਰਪੁਰਵਾਸੀ ਪੰਥ ਰਤਨ ਸ੍ਰੀਮਾਨ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਕੀਰਤਨੀ ਜਥੇ ੭ ਅਕਤੂਬਰ ੧੯੭੦ ਬੁਧਵਾਰ ਨੂੰ ਦਿਲੀ ਪੁਜ ਰਹੇ ਹਨ ਤੇ ਦਿਲੀ ਵਿਚ ੮ ਅਕਤੂਬਰ ਤੋਂ ੧੦ ਅਕਤੂਬਰ ਤਕ ਕੀਰਤਨ ਸਮਾਗਮ ਹੋਣਗੇ । ਆਪ ਜੀ ਸਹਿਤ ਪ੍ਰਵਾਰ ਇਸ ਸਮਾਗਮ ਤੇ ਦਰਸ਼ਨ ਦੇ ਕੇ ਜਨਮ ਸਫਲਾ ਕਰੋ ।

## * ਪ੍ਰੋਗਰਾਮ *

ਕੀਰਤਨ ਆਸਾ ਦੀ ਵਾਰ (ਅਰੰਭ ਸਵੇਰੇ ਪੰਜ ਵਜੇ)

੮–੧੦–੭੦ ਵੀਰਵਾਰ ਗੁਰਦੁਆਰਾ ਸੀਸ ਗੰਜ ਸਾਹਿਬ ਦਿਲੀ ।

੯–੧੦–੭੦ ਸ਼ੁਕਰਵਾਰ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿਲੀ ।

੧੦–੧੦–੭੦ ਸਨਿਚਰਵਾਰ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿਲੀ ।

ਸ਼ਾਮ—ਪਾਠ ਰਹਿਰਾਸ ਸਾਹਿਬ ਤੇ ਕੀਰਤਨ ੬-੩੦ ਤੋਂ ੯ ਤਕ ।

੮–੧੦–੭੦ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿਲੀ ।

੯–੧੦–੭੦ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿਲੀ ।

੧੦–੧੦–੭੦ ਸਨਿਚਰਵਾਰ ੮ ਵਜੇ ਰਾਤ ਤੋਂ ੧੧–੧੦–੭੦ ਐਤਵਾਰ ਸਵੇਰੇ ੬ ਵਜੇ ਤਕ ਕੀਰਤਨ ਰੈਣ ਸਬਾਈ—ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿਲੀ ।

੧੦–੧੦–੭੦ ਸਨਿਚਰਵਾਰ ਅੰਮ੍ਰਿਤ ਸੰਚਾਰ ੨ ਵਜੇ ਦਿਨੇ ਗੁ: ਬੰਗਲਾ ਸਾਹਿਬ ਨਵੀਂ ਦਿਲੀ ।

ਨੋਟ : (੧) ਬਾਹਰੋਂ ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਉਣ ਦੀ ਕ੍ਰਿਪਾਲਤਾ ਕਰਨ ।

(੨) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਸਲਵਾਨ ਬੁਆਏ ਸਕੂਲ, ਸਕੂਲ ਮਾਰਗ, ਰਾਜਿੰਦਰ ਨਗਰ, ਮੇਨ ਮਾਰਕੀਟ ਦੇ ਪਿਛੇ ਨਵੀਂ ਦਿਲੀ ਹੋਵੇਗਾ ।

(੩) ਸਲਵਾਨ ਸਕੂਲ ਰਾਜਿੰਦਰ ਨਗਰ ਨਵੀਂ ਦਿਲੀ ਪੁਜਣ ਲਈ ਫੁਹਾਰੇ ਤੋਂ ੧੩-ਬੀ, ਲਾਲ ਕਿਲ੍ਹੇ ਤੋਂ ੨੧, ੪-ਏ ਤੇ ਨਵੀਂ ਦਿਲੀ ਸਟੇਸ਼ਨ ਤੋਂ ੩੬, ੨-ਏ ਨੰਬਰ ਬੱਸਾਂ ਮਿਲਦੀਆਂ ਹਨ ।

ਪੁਛ ਗਿਛ ਕਰਨ ਲਈ—
ਕਵਾਟਰ ਨੰਬਰ ੫, ਐਲਬਰਟ ਸੁਕੇਅਰ,
ਨਵੀਂ ਦਿਲੀ ।

ਆਪ ਜੀ ਦੇ—ਦਰਸ਼ਨ ਅਭਿਲਾਖੀ
ਅਖੰਡ ਕੀਰਤਨੀ ਜੱਥਾ,
ਦਿਲੀ ।



www.AKJ.Org

# ਮਾਇਆ ਦਾ ਪ੍ਰਭਾਵ ਤੇ ਇਸ ਤੋਂ ਛੁਟਕਾਰਾ

ਵਲੋਂ :
ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਲੜੀ ਜੋੜਨ ਲਈ 20 ਸਤੰਬਰ ਦਾ ਸੂਰਾ ਵੇਖੋ)

*

'ਮੇਰੇ ਮਨ ਧਿਆਇ ਹਰਿ ਹਰਿ ਨਾਉ, ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ ॥ ੧ ॥ ਰਹਾਉ ॥ ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰ ॥ ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥'

ਗੁਰਮਤਿ ਅੰਦਰ ਕੇਵਲ ਵਾਹਿਗੁਰੂ ਨਾਮ ਦਾ ਧਿਆਵਣਾ ਹੀ ਕਲਿਆਣਕਾਰੀ ਹੈ, ਅਤੇ ਇਸ ਲੋਕ ਤੇ ਪ੍ਰਲੋਕ ਵਿਖੇ ਕੇਵਲ ਇਕੋ ਗੁਰਮਤ ਨਾਮ ਦਾ ਅਭਿਆਸ ਹੀ ਸਹਾਈ ਹੁੰਦਾ ਹੈ ਤਾਂ ਤੇ ਗੁਰਮਤਿ ਦੀ ਓਟ ਲੈ ਕੇ ਇਕੋ ਵਾਹਿਗੁਰੂ ਪੁਰਖ ਨਾਲ ਲਿਵ ਲਾਉਣੀ ਹੀ ਉਚਿਤ ਹੈ ਜੇਹੜੇ ਲੋਗ ਬੇਦਾਂ ਸ਼ਾਸਤਰਾਂ ਦਾ ਸੰਸਾਰ ਤਰਨ ਲਈ ਅਧੈਨ ਕਰਦੇ ਹਨ, ਉਹ ਬੜੇ ਹੀ ਮੁਗਾਲਤੇ ਵਿਚ ਹਨ ਕਿਉਂਕਿ ਇਨ੍ਹਾਂ ਆਨਮਤ ਪੁਸਤਕਾਂ ਵੇਦਾਂ ਸ਼ਾਸਤਰਾਂ ਅੰਦਰ ਕੇਵਲ ਆਨਮਤ ਦੇ ਕਰਮ ਧਰਮ ਮਈ ਅਨੇਕ ਪ੍ਰਕਾਰ ਦੀ ਕਿਰਿਆ ਹੀ ਪ੍ਰਧਾਨ ਹੈ, ਇਨ੍ਹਾਂ ਸਭ ਆਨਮਤ ਕਰਮਾਂ ਧਰਮਾਂ ਉਪਰ ਦੀ ਕੇਵਲ ਨਾਮ ਹੀ ਕਰਮ ਯੋਗ ਸ੍ਰੇਸ਼ਟ ਕਰਮ ਹੈ, (ਅਧਕ ਵਿਚਾਰ ਲਈ ਦੇਖੋ "ਗੁਰਮਤ ਕਰਮ ਫਿਲਾਸਫੀ" ਨਾਮੇ ਪੁਸਤਕ ।)

ਮਿਲ ਰਾਮ ਪਿਆਰੇ ਤੁਝ ਬਿਨੁ ਧੀਰਜੁ ਕੋ ਨ ਕਰੈ । ੧।ਰਹਾਉ। ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ, ਪ੍ਰਭ ਤੁਮਰੇ ਦਰਸ ਬਿਨ ਸੁਖ ਨਾਹੀ। ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨ ਪ੍ਰਭ ਸੰਗਿ ਵਸੈ ।

ਇਸ ਗੁਰਵਾਕ ਦਾ ਸਮੁਚਾ ਭਾਵ ਇਹ ਹੈ ਕਿ ਵਾਹਿਗੁਰੂ ਪਿਆਰੇ ਦੇ ਮਿਲਾਪ ਬਿਨਾਂ, ਸਾਂਤ ਕਿਤੇ ਭੀ ਨਹੀਂ ਆਉਂਦੀ, ਪਹਿਲੇ ਪਹਿਲ ਨਾਮ ਅਭਿਆਸ ਬਿਨਾਂ ਨਿਰੀ ਸ਼ਾਂਤੀ ਕੋਈ ਨਹੀਂ ਪਾ ਸਕਦਾ, ਸਿਮਰਤੀਆਂ ਅਤੇ ਸ਼ਾਸਤ੍ਰਾਂ ਆਦਿਕ ਆਨਮਤ ਪੁਸਤਕਾਂ ਨੇ ਕੇਵਲ ਫੋਕਟ ਕਰਮ ਹੀ ਕਮਾਉਣਾ ਦਸੇ ਹਨ ਸੋ ਇਹਨਾਂ ਫੋਕਟ ਕਰਮਾਂ ਦੇ ਕਮਾਉਣ ਹਾਰੇ ਸਚੇ ਪ੍ਰਮਾਰਥੀ ਧਰਮ ਦੀ ਪ੍ਰਾਪਤੀ ਵਲੋਂ ਫੋਕੇ ਤੇ ਕੋਰੇ ਹੀ ਰਹਿੰਦੇ ਹਨ, ਸ੍ਰੀ ਵਾਹਿਗੁਰੂ ਅਕਾਲ ਪੁਰਖ ਪ੍ਰਭੂ ਤੇਰੇ ਦਰਸ਼ਨ ਬਿਨਾਂ ਸੁਖ ਚੈਨ ਨਹੀਂ ਆਉਂਦੀ, ਇਹ ਦਰਸ਼ਨ ਮਈ ਸਚਾ ਸੁਖ ਮਿਲਾਪ ਕੇਵਲ ਵਾਹਿਗੁਰੂ ਨਾਮ ਦੇ ਰੰਗਾਂ ਵਾਲੀ ਕਮਾਈ ਕੀਤੇ ਹੀ ਮਿਲਦਾ ਹੈ। ਇਹ ਕਮਾਈ ਗੁਰਮਤਿ ਨਾਮ ਕੇਵਲ ਗੁਰਮਤਿ ਨਾਮ ਦੇ ਅਭਿਆਸ ਕੀਤਿਆਂ ਹੀ ਕੀਤੀ ਜਾ ਸਕਦੀ ਹੈ, ਆਨਮਤੀ ਲੋਗ ਅਨਮਤੀ ਪੁਸਤਕਾਂ ਪੜ੍ਹ ੨ ਕੇ ਬਥੇਰੇ ਵਰਤ ਨੇਮ ਸੰਜਮ ਕਰ ਥਕੇ ਹਨ ਅੰਤ ਗੁਰੂ ਨਾਨਕ ਦੇ ਦਰਸਾਏ ਗੁਰੂ ਘਰ ਵਿਚ ਆ ਕੇ ਹੀ ਵਾਹਿਗੁਰੂ ਦਾ ਪ੍ਰਤੱਖ ਦਰਸ਼ਨ ਹਿਰਦੇ ਅੰਦਰ ਹੀ ਹੋਇ ਆਉਂਦਾ ਹੈ (ਦੇਖੋ ਗੁਰਮਤਿ ਕਰਮ ਫਿਲਾਸਫੀ ਨਾਮੇ ਪੁਸਤਕ)।

'ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ । ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ।੧। ਲੋਭ ਬਿਖਿਆ ਬਿਖੈ ਲਾਗੇ ਹਿਰਵਿਤ ਚਿਤ ਦੁਖਾਹੀ । ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ।੧।ਰਹਾਉ। ਬੇਦ ਸ਼ਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ । ਨਿਪਟਿ ਬਾਜੀ ਹਾਰਿ ਮੂਕਾ ਪਛਤਾਇਓ ਮਨਿ ਭੋਰਾ । ਡਾਨੁ ਸਗਲ ਗੈਰ ਵਜਹਿ ਭਰਿਆ



www.AKJ.Org

ਦੀਵਾਨ ਲੇਖੈ ਨ ਪਰਿਆ । ਜੇਂਹ ਕਾਰਜਿ ਰਹੈ ਓਲਾ ਸੋਇ ਕਾਮੁ ਨ ਕਰਿਆ । ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ । ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕ ਆਇਆ ।'

ਆਮ ਸੰਸਾਰੀ ਜਨ ਬਿਕਾਰਾਂ ਅਤੇ ਮਾਇਆ ਦੇ ਮਦ ਵਿਚ ਹੀ ਸੁਤਾ ਰਹਿੰਦਾ ਹੈ, ਉਸ ਨੂੰ ਪ੍ਰਮਾਰਥ ਦੇ ਰਸਤੇ ਦੀ ਸੂਝ ਬੂਝ ਹੀ ਨਹੀਂ ਆਉਂਦੀ। ਜਦੋਂ ਜਮਦੂਤ, ਮਰਨ ਸਮੇਂ ਉਸ ਨੂੰ ਬੋਦੀਉਂ ਫੜ ਕੇ ਧਾ ਵਾਲਾਂ ਤੋਂ ਘਸੀਟ ਕੇ ਜਮ ਲੋਕ ਨੂੰ ਉਠਾਈ ਲਈ ਜਾਂਦਾ ਹੈ ਤਦੇ ਹੀ ਉਹ ਹੋਸ਼ ਵਿਚ ਆਉਂਦਾ ਹੈ, ਕਿ ਮੈਂ ਹੁਣ ਥਾਈਂ ਕੀ ਕਰਦਾ ਰਿਹਾ ਹਾਂ ਉਸ ਦੀ ਹੋਸ਼ ਠਿਕਾਣੇ ਤਦੋਂ ਹੀ ਆਉਂਦੀ ਹੈ ਜਦੋਂ ਜਮਾਂ ਦੇ ਧਕੇ ਖਾਂਦਾ ਹੈ ਜਿਹੜੇ ਵਿਸ਼ਿਆਂ ਦੇ ਲੋਭ ਵਿਚ ਲਗੇ ਹੋਏ, ਪਾਪੀ ਪੁਰਸ਼ ਹਨ ਉਹ ਹੋਰਨਾਂ ਦੇ ਧਨ ਚੁਰਾ ਕੇ ਉਹਨਾਂ ਦੇ ਦਿਲ ਦੁਖਾਉਂਦੇ ਹਨ, ਪ੍ਰੰਤੂ ਖਿਨ ਵਿਚ ਨਾਸ ਹੋਣ ਵਾਲੀਆਂ ਚੀਜ਼ਾਂ ਦੇ ਮਾਣ ਵਿਚ ਖਰਮਸਤ ਹੋਏ ਰਾਖਸ਼ ਲੋਕ ਸਮਝਦੇ ਨਹੀਂ । ਫੋਕਟ ਕਰਮੀ ਬੇਦਾਂ ਸ਼ਾਸਤ੍ਰਾਂ ਆਨਮਤ ਕਰਮਾਂ ਧਰਮਾਂ ਵਿਚ ਲਗੇ ਹੋਏ ਆਨਮਤੀ ਲੋਗਾਂ ਦੀ ਉਪਰ ਦਸੀ ਹੋਈ ਦਸ਼ਾ ਹੁੰਦੀ ਹੈ, ਪ੍ਰੰਤੂ 'ਸਭ ਨਾਦ ਬੇਦ ਗੁਰਬਾਣੀ' ਗੁਰਵਾਕ ਅਨੁਸਾਰੀ ਨਾਮ ਬਾਣੀ ਰੂਪੀ ਬੇਦ ਸ਼ਾਸਤ੍ਰ ਗੁਰਮੁਖ ਜਨ ਉਚਾਰਦੇ ਹਨ ਉਹਨਾਂ ਨੂੰ ਤਤ ਪ੍ਰਮਾਰਥ ਵਲੋਂ ਸੁੰਞਾ ਡੋਰਾ ਆਦਮੀ ਸੁਣਦਾ ਹੀ ਨਹੀਂ, ਜਦੋਂ ਮਨੁਖਾ ਜੀਵਨ ਦੀ ਖੇਡ ਉਕਾ ਹੀ ਹਾਰ ਬਹਿੰਦਾ ਹੈ ਤਦੋਂ ਇਹ ਭੋਰ ਬੇਵਕੂਫ਼ ਆਦਮੀ ਮਨ ਹੀ ਮਨ ਵਿਚ ਪਛਤੋਂਦਾ ਹੈ ਇਹ ਸਾਰਾ ਡੰਡ ਉਹ ਬਿਲਾ ਵਜ੍ਹਾ ਅਕਾਰਨ ਹੀ ਭਰਦਾ ਹੈ, ਸਾਰੇ ਆਨਮਤੀ ਕਰਮ ਧਰਮ ਡੰਡ ਵਜੋਂ ਕੀਤੇ ਹੋਏ ਸਾਰੇ ਬਿਰਥੇ (ਕੁਲੇਖੇ) ਹੀ ਜਾਂਦੇ ਹਨ । ਕੋਈ ਅਨਮਤੀ ਕਰਮ ਕੀਤਾ ਹੋਇਆ ਭੀ ਸਚੇ ਦਰਬਾਰ ਵਿਚ ਲੇਖੇ ਨਹੀਂ ਪੈਂਦਾ ਇਸ ਸਚੇ ਕਾਰਜ ਦੇ ਕਰਨ ਕਰ ਕੇ ਉਸ ਦਾ ਪਤ ਪ੍ਰਤਿਸ਼ਟੀ ਓਲਾ ਰਹਿ ਜਾਂਦਾ ਹੈ, ਉਹ ਨਾਮ ਰੂਪੀ ਸਚਾ ਕੰਮ ਉਸ ਨੇ ਕੀਤਾ ਹੀ ਨਹੀਂ ਨਾ ਕਰਨਾ ਹੀ ਹੈ, ਗੁਰੂ ਸਚੇ ਪਾਤਸ਼ਾਹ ਨੇ ਇਸ ਪ੍ਰਕਾਰ ਦੇ ਨਿਖਤੰਮੇ ਗੁਰਮਤਿ ਹੀਣੇ ਕੰਮ ਕਰਦਾ ਹੋਇਆ ਜਦੋਂ ਸਾਰਾ ਸੰਸਾਰ ਹੀ ਮੈਨੂੰ (ਗੁਰਮੁਖ ਜਗਿਆਸੂ) ਨੂੰ ਅਖੀਂ ਵਿਖਾ ਦਿਤਾ ਤਦ ਏਸੇ ਤਲਖ ਤਜਰਬੇ ਨੂੰ ਵੇਖ ਕੇ ਸਚਾ ਗੁਰਮੁਖ ਜਗਿਆਸੂ ਜਨ ਇਨ੍ਹਾਂ ਆਨਮਤਿ ਕਰਮਾਂ ਨੂੰ ਬਿਬਰਜਤ ਸਮਝ ਕੇ ਛਡ ਬਹਿੰਦਾ ਹੈ ਅਤੇ ਇਕੋ ਨਾਮ ਸਿਫਤ ਸਲਾਹ ਦੀ ਹੀ ਸਚੀ ਗੁਰਮਤਿ ਓਟ ਲੈਂਦਾ ਹੈ ਅਤੇ ਸਹਿਸ ਸਿਆਣਪੀ ਮਾਣ ਤਾਣ ਛਡ ਕੇ ਗੁਰੂ ਨਾਨਕ ਦੇ ਸਰਣੀ ਆ ਪੈਂਦਾ ਹੈ, ਗੁਰਸਿਖੋ, ਗੁਰੂ ਘਰ ਦੀ ਗੁਰਮਤਿ ਸਰਨ ਮਤਿ ਲੈਣ ਨੂੰ ਹੀ ਉਹ ਕਲਿਆਣ-ਕਾਰੀ ਸਮਝਦਾ ਹੈ ।

ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ । ੧।ਰਹਾਉ। ਖਿਨਹੂ ਭੈ ਨਿਰਭੈ ਖਿਨਹੂੰ ਉਠਿ ਧਾਇਓ । ਖਿਨਹੂ ਰਸ ਭੋਗਨ ਖਿਨਹੂ ਖਿਨਹੂ ਤਜਿ ਜਾਇਓ ।੧। ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂ ਭਰਮਾਇਓ । ਖਿਨਹੂੰ ਕ੍ਰਿਪਾ ਸਾਧੂ ਸੰਗ ਨਾਨਕ ਹਰਿ ਰੰਗਿ ਲਾਇਓ ।

ਏਹ ਮਨੁਖ ਕਦੇ ਸਰਸ਼ਾਰ ਖੁਸ਼ੀ ਮਈ ਹਰਖ ਕਦੇ ਸੰਸੇ ਮਈ ਸੋਗ ਕਦੇ ਵੈਰਾਗ ਤਿਆਗ ਤੇ ਬੈਰਾਗ ਤਿਆਗ ਦੇ ਮਾਣ ਤੇ ਕਦੇ ਗ੍ਰਿਹਸਤ ਅਨੰਦੀ ਆਰਜ਼ੀ ਤਾਣ ਮਈ ਖੇਡ ਦੇ ਵਿਚ ਪੈ ਕੇ ਝੂਠੀ ਰਚਨਾ ਵਿਚ ਖਚਤ ਹੋਇਆ ਇਸ ਖੇਡ ਨੂੰ ਦੇਖਦਾ ਰਿਹਾ, ਇਨ੍ਹਾਂ ਛਿਨ ਭੰਗਰੀ ਆਦਤਾਂ ਵਿਚ ਪੈ ਕੇ ਕਿਸੇ ਵੇਲੇ ਭੈ ਵਿਚ ਗੋਤੇ ਖਾਂਦਾ ਰਿਹਾ ਅਤੇ ਕਿਸੇ ਵੇਲੇ ਕੂੜਾਵੀ ਨਿਰਭੈਤਾ ਨੂੰ ਛਿਨ ਭੰਗਰ ਮਾਤਰ ਲਈ ਮਾਨਣ ਵਿਚ ਹੀ ਲੁਪਾਏਮਾਨ ਰਿਹਾ, ਓਦੋਂ ਪਤਾ ਲਗਾ ਕਿ ਸਾਰੀ ਆਰਬਲਾ ਇਹਨਾਂ ਫੋਕਟ ਸੋਚਾਂ ਵਿਚਾਰਾਂ ਵਿਚ ਪੈ ਕੇ ਵਿਹਾ ਗਈ ਅਤੇ ਦਲਦਾ ਲਗਾ (ਸਿਧਾਇਆ) ਕਿਸੇ ਖਿਨ ਵਿਸ਼ੇ ਵਿਕਾਰਾਂ ਰਸ ਭੋਗਾਂ ਨੂੰ ਭੋਗਦਾ ਰਿਹਾ ਅਤੇ ਇਸ ਰਸ ਭੋਗ ਨੂੰ ਹੀ ਜੱਫਾ ਪਾ ਕੇ ਸਾਰੀ ਉਮਰ ਵਿਹਾ ਦਿਤੀ ਓੜਕ ਪਤਾ ਲਗਾ ਜਦ ਛਿਨ ਵਿਚ ਹੀ ਤਿਆਗ ਕਰਕੇ ਪ੍ਰਲੋਕ ਚਲਾ ਗਿਆ, ਇਹ ਆਨਮਤੀ ਜੋਗ, ਤਪ, ਬਹੁ ਪ੍ਰਕਾਰੀ



www.AKJ.Org

ਪੂਜਾ ਭੀ ਛਿਨ ਭੰਗਰੀ ਹੀ ਨਿਕਲੀ, ਇਹਨਾਂ ਆਨਮਤਿ ਕਰਮਾਂ ਦੇ ਕਰਨ ਵਿਚ ਖਚਤ ਰਿਹਾ, ਅਤੇ ਕਦੇ ਹੀ ਉਹ ਅਵਸਰ ਭਲਾ ਹਥ ਆਇਆ ਜਦੋਂ ਸਤਿਗੁਰੂ ਸਾਧ ਸੰਗਤ ਦੀ ਕ੍ਰਿਪਾ ਹੋਈ, ਅਤੇ ਗੁਰੂ ਨਾਨਕ ਦੇ ਘਰ ਵਿਚ ਆ ਕੇ ਵਾਹਿਗੁਰੂ ਪ੍ਰਾਪਤੀ ਅਤੇ ਵਾਹਿਗੁਰੂ ਨਾਮ ਦੇ ਸਚੇ ਰੰਗ ਲਗੇ।

ਸਿਧਾ ਸੇਵਨਿ ਸਿਧ ਪੀਰ ਮਾਂਗਹਿ ਰਿਧਿ ਸਿਧਿ।
ਮੈ ਇਕ ਨਾਮੁ ਨ ਵੀਸਰੈ ਸਾਚੇ ਗੁਰਿ ਬੁਧਿ।
ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ।
ਗੁਰ ਕਾ ਸਬਦੁ ਨ ਚੀਨਹੀ ਤਤੁ ਸਾਰੁ ਨਿਰੰਤਰ।
ਪੰਡਿਤ ਪਾਧੇ ਜੋਇਸੀ ਨਿਤ ਪੜਹਿ ਪੁਰਾਣਾ।
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ। ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ। ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ। ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ। ਬਿਨ ਗੁਰਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ। ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ। ਨਾਮੁ ਦਾਨੁ ਇਸਨਾਨ ਦ੍ਰਿੜੁ ਹਰਿ ਭਗਤਿ ਸੁਜਾਗੇ। ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ। ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ।

ਇਸ ਗੁਰਵਾਕ ਅੰਦਰ ਕਈ ਪ੍ਰਕਾਰ ਦੇ ਮਨਮਤੀਆਂ ਅਤੇ ਅਨਮਤੀਆਂ ਭੇਖ ਧਾਰੀਆਂ ਨੂੰ ਖੰਡਨ ਕੀਤਾ ਗਿਆ ਹੈ ਤੇ ਇਸ ਦੇ ਮੁਕਾਬਲੇ ਵਿਚ ਇਕੋ ਗੁਰਮਤਿ ਦਾ ਮੰਡਣ ਕੀਤਾ ਗਿਆ ਹੈ, ਸਿਧ ਪੀਰ ਆਦਿਕ ਭੇਖੀ ਜਨ ਜੋ ਸਿਧੀਆਂ ਨੂੰ ਸੇਂਵਦੇ ਹਨ ਉਹ ਕੇਵਲ ਰਿਧੀ ਸਿਧੀ ਦੀਆਂ ਮੰਗਾਂ ਹੀ ਮੰਗਦੇ ਹਨ ਇਹ ਸਭ ਕੂੜਾ ਪਾਜ ਹੈ, ਗੁਰਮਤਿ ਅਨੁਸਾਰ:—'ਰਿਧਿ ਸਿਧਿ ਸਭ ਮੋਹ ਹੈ ਨਾਮੁ ਨਾ ਵਸੈ ਮਨ ਆਇ।' ਜੋ ਪੁਰਸ਼ ਭੀ ਰਿਧੀਆਂ ਸਿਧੀਆਂ ਵਿਚ ਫਸ ਜਾਂਦੇ ਹਨ ਉਹ ਬਸ ਮਾਇਆ ਮਮਤੀ ਰੂਪੀ ਮੋਹ ਜਾਲਾਂ ਵਿਚ ਪੈ ਗਏ, ਗੁਰਮਤਿ ਨਾਮ ਉਹਨਾਂ ਦੇ ਹਿਰਦੇ ਵਿਚ ਕਦੇ ਨਹੀਂ ਵਸ ਸਕਦਾ ਉਹ ਪ੍ਰਮਾਰਥ ਨੂੰ ਪਿਠ ਹੀ ਦੇ ਦੇਂਦੇ ਹਨ, ਗੁਰਮਤਿ ਅਨੁਸਾਰ ਗੁਰਮਤਿ ਦੇ ਪ੍ਰੇਮੀ ਜਨ ਇਸ ਕੂੜਾਵੀ ਸਿਧੀ ਮਈ ਮੋਹ ਮਮਤਾ ਦਾ ਮੁਸ਼ਕ ਮਾਤਰ ਭੀ ਨੇੜੇ ਨਹੀਂ ਆਉਣ ਦੇਂਦੇ, ਕਿਉਂਕਿ ਉਹਨਾਂ ਦੇ ਹਿਰਦੇ ਅੰਦਰ ਗੁਰੂ ਦੀ ਬਖਸ਼ੀ ਬੁਧੀ ਅਨੁਸਾਰ ਸਚਾ ਗੁਰ ਨਾਮ ਸਦਾ ਹੀ ਵਸਿਆ ਰਹਿੰਦਾ ਹੈ ਕਦੇ ਨਹੀਂ ਵਿਸਰਦਾ। ਦੁਨੀਆਂ ਉਤੇ ਫੋਕਟ ਸਾਧਨਾਂ ਵਾਲੇ ਜੋਗੀ ਬਥੇਰੇ ਬਣੇ ਫਿਰਦੇ ਹਨ, ਅਤੇ ਭੋਗਾਂ ਦੇ ਭੋਗਣ ਵਾਲੇ ਭੋਗੀ ਭੀ ਬਥੇਰੇ ਅਖਵਾਉਂਦੇ ਹਨ। ਪੀਰਾਂ ਦਾ ਚੋਲਾ ਪਾ ਕੇ ਫਿਰਨ ਵਾਲੇ ਫਕੀਰ ਕਾਪੜੀ ਆਪਣੇ ਆਪ ਨੂੰ ਅਖਵਾਉਂਦੇ ਹਨ, ਪਏ ਦੇਸ ਦੇਸੰਤਰਾਂ ਵਿਚ ਭਉਂਦੇ ਫਿਰਦੇ ਹਨ ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ; ਉਹ ਗੁਰ ਸ਼ਬਦ ਰੂਪੀ ਤਤਸਾਰ ਆਪਣੇ ਹਿਰਦੇ ਅੰਦਰ ਖੋਜ ਹੀ ਨਹੀਂ ਸਕਦੇ ਕਿਉਂਕਿ ਉਹਨਾਂ ਨੂੰ ਗੁਰਮੰਤਰ ਗੁਰਦੀਖਿਆ ਪ੍ਰਾਪਤ ਹੀ ਨਹੀਂ ਹੁੰਦੀ। ਪੰਡਤ ਪਾਂਧੇ ਜੋਤਸ਼ੀ ਨਿਤਾ ਪ੍ਰਤੀ ਬੇਦਾਂ ਪੁਰਾਣਾਂ ਨੂੰ ਪੜ੍ਹਦੇ ਫਿਰਦੇ ਹਨ ਉਹਨਾਂ ਨੂੰ ਭੀ ਅੰਤਰ ਆਤਮੇ ਸਚੀ ਵਸਤੂ ਗੁਰਮਤਿ ਨਾਮ ਦੀ ਕਲਾ ਦਾ ਪਤਾ ਹੀ ਨਹੀਂ ਲਗਦਾ। ਬ੍ਰਹਮ ਉਹਨਾਂ ਦੇ ਘਟ ਅੰਦਰ ਹੀ ਲੁਕਿਆ ਛਿਪਿਆ ਰਹਿੰਦਾ ਹੈ, ਜਿਸ ਨੂੰ ਉਹ ਪ੍ਰਗਟ ਹੀ ਨਹੀਂ ਕਰ ਸਕਦੇ, ਜੋ ਗੁਰਮਤਿ ਨਾਮ ਦੀ ਕਲਾ ਦੁਆਰੇ ਹੀ ਪ੍ਰਗਟ ਪਹਾਰੇ ਹੋ ਸਕਦਾ ਹੈ, ਕਈ ਭਰਮ ਭੁਲੇ ਲੋਕ ਬਨਾਂ ਜੰਗਲਾਂ ਵਿਚ ਜਾ ਕੇ ਫੋਕਾ ਤਪ ਕਰਨ ਲਗ ਜਾਂਦੇ ਹਨ ਅਤੇ ਆਪਣੇ ਆਪ ਨੂੰ ਤਪੱਸਵੀ ਅਖਵਾਉਂਦੇ ਹਨ, ਨਿਤਾਪ੍ਰਤਿ ਅਨਮਤੀ ਤੀਰਥਾਂ ਤੇ ਪਏ ਖਜਲ ਹੋਇ ਫਿਰਦੇ ਹਨ, ਉਹਨਾਂ ਦੇ ਅੰਦਰ ਹੰਕਾਰ ਮਈ ਤਾਮਸੀ ਪਿੱਤਾ ਕ੍ਰੋਧ ਸਦਾ ਹੀ ਵਸਿਆ ਰਹਿੰਦਾ ਹੈ, ਸਚੀ ਉਦਾਸੀ ਤਾਂ ਉਹਨਾਂ ਨੂੰ ਆਉਂਦੀ ਹੀ ਨਹੀਂ, ਉਂਜ ਆਪਣੇ ਆਪ ਨੂੰ ਉਦਾਸੀ ਕਹਾਉਂਦੇ ਹਨ ਆਪਣੇ ਅੰਦਰ ਵਸ ਰਹੇ ਆਤਮ ਪ੍ਰਮਾਤਮ ਸ਼ਕਤੀਸ਼ਰ ਨੂੰ ਉਹ ਚੀਨਦੇ ਹੀ ਨਹੀਂ, ਇਕ ਐਸੇ ਭੇਖੀ ਭੀ ਹਨ ਕਿ ਆਪਣੇ ਬੀਰਜ ਨੂੰ ਜਿਦ ਕਰਕੇ ਰੋਕਦੇ ਹਨ (ਆਰਟੀਫੀਸ਼ਅਲੀ ਕੰਟਰੋਲ ਕਰਦੇ ਹਨ) ਅਤੇ ਇਸ ਬਿਧ ਦੀ ਬਨਾਵਟੀ ਬਿੰਦ ਨੂੰ



www.AKJ.Org

ਰੋਕ ਰੁਕਾਈ ਕਰਨ ਨਾਲ ਉਹ ਆਪਣੇ ਆਪ ਨੂੰ ਜਤੀ ਕਹਾਉਂਦੇ ਹਨ, ਪਰ ਇਹ ਸਭ ਭੇਖੀ ਨਾਨਾ ਪ੍ਰਕਾਰ ਦੀਆਂ ਜੂਨੀਆਂ ਵਿਚ ਭਰਮਦੇ ਫਿਰਦੇ ਰਹਿੰਦੇ ਹਨ, ਗੁਰ ਸ਼ਬਦ ਬਿਨਾਂ ਛੁਟਕਾਰਾ ਉਹਨਾਂ ਦਾ ਹੋ ਨਹੀਂ ਸਕਦਾ। ਹਾਂ ਗੁਰਮਤਿ ਦੇ ਉਤੇ ਚਲਣ ਵਾਲੇ ਗੁਰਮੁਖ ਸੇਵਕ ਜਨ ਵਿਰਲੇ ਹੀ ਹੁੰਦੇ ਹਨ ਜੋ ਗਰਿਸਤ ਵਿਚ ਰਹਿ ਕੇ ਸੇਵਾ ਸਾਧਨਾਂ ਕਮਾਉਂਦੇ ਹਨ। ਨਾਮ ਦਾਨ ਇਸ਼ਨਾਨ ਦ੍ਰਿੜ ਕੇ ਸਚੀ ਗੁਰਮਤਿ ਨੂੰ ਕਮਾਉਂਦੇ ਹਨ ਅਤੇ ਸਚੀ ਵਾਹਿਗੁਰੂ ਭਗਤੀ ਵਿਚ ਸਾਵਧਾਨ ਹੋ ਕੇ ਜਾਗਦੇ ਹਨ, ਗੁਰੂ ਦੁਆਰਾ ਉਹਨਾਂ ਨੂੰ ਵਾਹਿਗੁਰੂ ਦਾ ਦਰ ਘਰ ਦੁਆਰਾ ਲਭ ਪੈਂਦਾ ਹੈ, ਉਸ ਨੂੰ ਲਭ ਕੇ ਉਹ ਸਿਆਣ ਲੈਂਦੇ ਹਨ ਫੇਰ ਉਸ ਦੁਆਰੇ ਤੋਂ ਕਦੇ ਦੂਰ ਨਹੀਂ ਹੁੰਦੇ ਏਥੇ ਲੋਕ ਪ੍ਰਲੋਕ ਵਿਖੇ ਉਹਨਾਂ ਨੂੰ ਨਾਮ ਵਿਸਰਦਾ ਹੀ ਨਹੀਂ ਅਤੇ ਸਦਾ ਸਦਾ ਉਹਨਾਂ ਦਾ ਮਨ ਅਭਿਆਸ ਵਿਖੇ ਹੀ ਜੁੜਿਆ ਰਹਿੰਦਾ ਹੈ।

## ਅਵਤਾਰ ਅਤੇ ਦੇਵਤੇ

ਸਾਮਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ। ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ।੧। ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ।੧। ਰਹਾਉ। ਤੇਤੀਸ ਕਰੋੜੀ ਦਾਸ ਤੁਮਾਰੇ ਰਿਧਿ ਸਿਧ ਪ੍ਰਾਣ ਅਧਾਰੀ ੨। ਤਾਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ। ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ। ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ।੩। ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ। ਜਾ ਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚ ਸਮਾਣੀ। ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ। ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ। ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ। ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ। ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ। ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ। ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ। ਜਾ ਕਉ ਸਚੁ ਬੁਝਾਵਹਿ ਆਪਣਾ ਸਹਜੇ ਨਾਮਿ ਸਮਾਣੀ।

ਇਸ ਗੁਰਵਾਕ ਦੁਆਰਾ ਉਹਨਾਂ ਨਾਨਾ ਪ੍ਰਕਾਰੀ ਸਮਗਰ ਮਨਮਤੀ ਤਰੀਕਿਆਂ ਦਾ ਖੰਡਨ ਕੀਤਾ ਗਿਆ ਹੈ ਜੋ ਆਪਣਾ ਮਨ ਮੰਨਿਆ ਭੇਖ ਧਾਰੀ ਫਿਰਦੇ ਹਨ, ਇਸ ਗੁਰਵਾਕ ਦੇ ਭਾਵ ਦੁਆਰਾ ਇਹ ਗਲ ਤਾਂ ਬਿਲਕੁਲ ਸਪਸ਼ਟ ਹੋ ਗਈ ਹੈ ਕਿ ਬੇਦ, ਸ਼ਾਸਤਰ, ਦੇਵੀ ਦੇਵਤੇ, ਅਨਮਤੀ ਅਵਤਾਰ ਕਹਾਵਣ ਵਾਲੇ ਭੀ ਗੁਰਮਤਿ ਨਾਮ ਦੀ ਮਹਿਮਾ ਨੂੰ ਨਹੀਂ ਜਾਣ ਸਕੇ। ਗੁਰਮਤਿ ਅਨੁਸਾਰ ਗੁਰਮਤਿ ਨਾਮ ਸਰੋਵਰ ਹੀ ਸ਼ਾਸਤਰ ਵੇਦ ਸਿਮਰਤੀਆਂ ਨਾਮ ਦ੍ਰਿੜਾਉਂਦੇ ਹਨ, ਇਸ ਨਾਮ ਸਿਮਰਨ ਤੋਂ ਬਿਨਾਂ-ਹੋਰ ਕੋਈ ਸ਼ਾਸਤਰ ਸਿਮਰਤ ਵੇਦ ਨਹੀਂ, ਸ਼ਾਸਤਰ ਸਿਮਰਤ ਵੇਦ ਦੇ ਦਸੇ ਅਨਮਤੀ ਤੀਰਥਾਂ ਵਿਚ ਇਸ਼ਨਾਨ ਕਰਨਾ ਇਸ ਗੁਰਵਾਕ ਦੁਆਰਾ ਉਕਾ ਹੀ ਖੰਡਣ ਕੀਤਾ ਹੋਇਆ ਹੈ, ਸੁਰਸਰੀ, ਗੰਗਾ ਆਦਿਕ ਤੀਰਥ ਸਭ ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਸਮਾ ਰਹੇ ਹਨ, ਜਿਨ੍ਹਾਂ ਗੁਰਮੁਖ ਜਨਾਂ ਨੇ ਹੇ ਵਾਹਿਗੁਰੂ ਤੇਰਾ ਨਾਮ ਜਪ ਲਿਆ ਹੈ ਉਹਨਾਂ ਨੇ ਸਾਰੇ ਤੀਰਥ ਕਰ ਲਏ ਹਨ ਅਤੇ ਸ਼ਾਸਤਰ ਸਿਮ੍ਰਤ ਵੇਦ ਸਭ ਪੜ੍ਹ ਲਏ ਹਨ, ਤ੍ਰੈਗੁਣੀ ਸੰਸਾਰ ਨੂੰ (ਤਿਨ੍ਹਾਂ ਸਾਖਾਂ ਗੁਣਾਂ ਵਾਲੇ ਪੌਦੇ ਨੂੰ) ਪ੍ਰਾਣੀ ਦੀ ਮਤ ਸਮਝ ਸਕਦੀ ਹੈ ਅਤੇ ਸਭ ਤੋਂ ਅਪਰੰਪਰ ਅਤੇ ਨਿਰਾਲੇ ਤੁਰੀਆ ਗੁਣਾਂ ਵਾਲੇ ਸਰਬੱਗ ਪਾਰਬ੍ਰਹਮ ਨੂੰ ਅਲਪਗ ਬੁਧੀ ਵਾਲੇ ਪ੍ਰਾਣੀ ਕੀ ਜਾਣ ਸਕਦੇ ਹਨ, ਜੋ ਗੁਰਮਤਿ ਜਨ ਅੰਮ੍ਰਿਤ ਨਾਮ ਰੂਪੀ ਗੁਰਬਾਣੀ ਦਾ ਜਾਪ ਧਿਆਨ ਕਰਦੇ ਹਨ, ਉਹਨਾਂ ਦੀ ਸੰਗਤ ਕੀਤਿਆਂ ਸਭ ਦੀ ਸਦਗਤੀ ਹੁੰਦੀ ਹੈ, ਹਿੰਦੂ ਮਤੀਆਂ ਦੇ ਮੰਨੇ ਹੋਏ ਤੇਤੀ ਕ੍ਰੋੜ ਦੇਵਤੇ ਉਹ ਸਭ ਵਾਹਿਗੁਰੂ ਦੇ ਬਾਸ ਪ੍ਰੈਣੀ ਹਨ, ਕਰਾਮਾਤਾਂ ਵਾਲੇ ਰਿਧੀਆਂ



www.AKJ.Org

ਸਿਧਿਆਂ ਵਾਲੇ ਪ੍ਰਾਣਾਯਾਮ ਕਰਨ ਵਾਲੇ ਜੋਗੀ ਉਸ ਕਰਤਾਰ ਕਰਤਾ ਪੁਰਖ ਦੇ ਰੂਪ ਨੂੰ ਨਹੀਂ ਸਮਝ ਸਕਦੇ। ਐਵੇਂ ਫੋਕੀਆਂ ਵਿਚਾਰਾਂ ਵਿਚਾਰ ਕੇ ਝਖ ਮਾਰਦੇ ਫਿਰਦੇ ਹਨ, ਤਮੋ, ਸਤੋ, ਰਜੋ ਗੁਣ ਇਹ ਸਭ ਤੇਰੇ (ਕਰਤਾਰ) ਦੇ ਜਗਤ ਵਿਚ ਹੀ ਵਸਦੇ ਹਨ ਅਤੇ ਚਾਰੇ ਖਾਣੀਆਂ ਭੀ ਤੇਰੀਆਂ ਹੀ ਕੀਤੀਆਂ ਹੋਈਆਂ ਹਨ, ਭਾਵ ਇਹ ਤਿਨਾਂ ਗੁਣਾਂ ਅਤੇ ਚੌਹਾਂ ਖਾਣੀਆਂ ਵਾਲੀ ਸ੍ਰਿਸਟੀ ਵਾਹਿਗੁਰੂ ਦੀ ਰਚਨਾਂ ਦੇ ਅੰਦਰ ਹੀ ਅੰਦਰ ਹੈ ਬਾਹਰ ਨਹੀਂ। ਵਾਹਿਗੁਰੂ ਇਸ ਹਦ ਤੋਂ ਬਹੁਤ ਅਪਰੰਪਰ ਅਤੇ ਵਡਾ ਹੈ ਜੇ ਉਸ ਦੀ ਮੇਹਰ ਹੋਵੇ ਤਾਂ ਇਸ ਵਡਿਆਈ ਦੇ ਪਦ ਨੂੰ ਪਾ ਸਕੀਦਾ ਹੈ ਅਤੇ ਨਾ ਹੀ ਕਹੀ ਜਾਣ ਵਾਲੀ ਵਾਹਿਗੁਰੂ ਦੀ ਵਡਿਆਈ ਕਹਿ ਕੇ ਗੁਣ ਗਾ ਸਕੀਦੇ ਹਨ, ਹੇ ਵਾਹਿਗੁਰੂ ਤੂੰ ਸਭਨਾਂ ਦਾ ਕਰਤਾ ਹੈਂ, ਅਤੇ ਸਭ ਜੀਅ ਜੰਤ ਤੇਰਾ ਕੀਤਾ ਹੋਇਆ ਹੈ, ਕਿਸੇ ਪ੍ਰਾਣੀ ਮਾਨੁਖ ਦੀ ਤਾਕਤ ਨਹੀਂ ਕਿ ਆਪੋਂ ਏਥੇ ਦਮ ਮਾਰ ਸਕੇ, ਜਿਸ ਗੁਰਮੁਖ ਜਨ ਉਤੇ ਤੇਰੀ ਨਦਰ ਮੇਹਰ ਹੁੰਦੀ ਹੈ, ਸੋਈ ਵਡਭਾਗਾ ਜਨ ਵਾਹਿਗੁਰੂ ਨਾਮ ਰੂਪੀ ਸਚ ਵਿਖੇ ਸਮਾ ਜਾਂਦਾ ਹੈ, ਚੌਰਾਸੀ ਦੇ ਗੇੜ ਵਿਚ ਜੋ ਕੋਈ ਭੀ ਜੀਅ ਜੰਤ ਹੈ, ਸਭ ਕੋਈ ਤੇਰਾ ਨਾਮ ਲੇਵਾ ਕਹਾਉਂਦਾ ਹੈ, ਪਰ ਤੂੰ ਹੇ ਵਾਹਿਗੁਰੂ ਜੋ ਗੁਰਮੁਖ ਜਨ ਤੈਨੂੰ ਭਾਉਂਦਾ ਹੈ, ਉਹ ਹੀ ਤੇਰੀ ਗੁਰਮਤਿ ਨਾਮ ਰੂਪੀ ਵਡਿਆਈ ਨੂੰ ਅੰਤਰ ਗਤਿ ਧਾਰਨ ਕਰਦਾ ਹੈ, ਹੋਰ ਸਭ ਲੋਕਾਈ ਇਸ ਤਤ ਗੁਰਮਤਿ ਪ੍ਰਚੰਡ ਗਿਆਨ ਤੋਂ ਅਨਜਾਣ ਹੀ ਫਿਰਦੀ ਰਹਿੰਦੀ ਹੈ, ਕਹਿੰਦੇ ਹਨ ਕਿ ਰਬ ਨੇ ਚਾਰੇ ਵੇਦ ਬ੍ਰਹਮਾ ਨੂੰ ਦਿਤੇ ਅਤੇ ਉਹ ਪੜ੍ਹ ਪੜ੍ਹ ਕੇ ਉਨ੍ਹਾਂ ਨੂੰ ਵਿਚਾਰਦਾ ਰਿਹਾ ਅਤੇ ਵਿਚਾਰਾ ਉਸ ਰਬ ਦੇ ਹੁਕਮ ਨਾ ਸਮਝ ਸਕਿਆ, ਅਤੇ ਨਰਕਾਂ ਸੁਰਗਾਂ ਵਿਚ ਹੀ ਮੁੜ ਮੁੜ ਭਾਉਂਦਾ ਰਿਹਾ, ਇਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਬੇਦਾਂ ਆਦਿਕਾਂ ਦੀ ਪੜ੍ਹਾਈ ਚੌਰਾਸੀ ਦੇ ਗੇੜ ਵਿਚ ਹੀ ਫੇਰਦੀ ਫਿਰਾਉਂਦੀ ਰਹਿੰਦੀ ਹੈ; ਪੜ੍ਹਨ ਹਾਰਿਆਂ ਨੂੰ ਜੇ ਵੇਦਾਂ ਦੇ ਭੰਡਾਰੀ ਬ੍ਰਹਮਾ ਦਾ ਹੀ ਇਹ ਹਾਲ ਹੋਇਆ ਤਾਂ ਵੇਦ ਪੜ੍ਹਨ ਹਾਰਿਆਂ ਦਾ ਬੜਾ ਹੀ ਦੁਰਗਤੀ ਵਾਲਾ ਹਾਲ ਹੋਵੇਗਾ, ਵਾਹਿਗੁਰੂ ਦੇ ਭਾਣੇ ਅੰਦਰ ਹੀ ਬ੍ਰਹਮਾ, ਵੇਦਾਂ ਦਾ ਉਚਾਰਨ ਹਾਰਾ ਹੋਇਆ ਪਰ ਇਹਨਾਂ ਵੇਦਾਂ ਨੂੰ ਵਿਚਾਰ ਕੇ ਹੰਕਾਰੀ ਹੀ ਬਣ ਗਿਆ। ਇਹ ਕੇਵਲ ਗੁਰਮਤਿ ਨਾਮ ਹੀ ਹੈ ਜੋ ਨਿਰੰਕਾਰੀ ਹੋਣ ਕਰ ਸਭ ਜੀਵਾਂ ਦਾ ਕਲਿਆਣਕਾਰੀ ਹੋ ਸਕਦਾ ਹੈ ਹੋਰ ਆਨਮਤਿ ਮਤਿ ਇਸ ਦੇ ਮੁਕਾਬਲੇ ਵਿਚ ਠੇਡੇ ਹੀ ਖਾਂਦੇ ਫਿਰਦੇ ਹਨ।

ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨਾ ਪਾਇ।
ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ।

ਨਿਰੇ ਪੁਸਤਕੀ ਗਿਆਨ ਘੋਖਣ ਵਾਲੇ ਲੋਗ, ਪੰਡਤ ਲੋਗ ਪੰਡਤਾਈ ਵਾਲੀ ਵਿਦਿਆ ਪੜ੍ਹਦੇ ਹਨ ਅਅਤੇ ਜੋਤਸ਼ੀ ਲੋਗ ਜੋਤਸ਼ ਪੜ੍ਹ ਪੜ੍ਹ ਸਿਰ ਖਪਾਉਂਦੇ ਹਨ ਅਤੇ ਤਿਨ੍ਹਾਂ ਨੂੰ ਪ੍ਰਮਾਰਥ ਦੀ ਸਚੀ ਸੂਝ ਬੂਝ ਆਉਂਦੀ ਹੀ ਨਹੀਂ। ਅ ਉਣੀ ਕੀ ਸੀ ਉਹ ਤਾਂ ਆਪਣੇ ਹਥੀਂ ਆਪ ਹੀ ਕੂਚਾ ਲਾਈ ਫਿਰਦੇ ਹਨ, ਸਚੀ ਵਿਦਿਆ ਦੇ ਥਾਉਂ ਅਵਿਦਿਆ ਦੀਆਂ ਵਿਦਿਆ ਪੜ੍ਹਦੇ ਫਿਰਦੇ ਹਨ, ਖਬਰੇ ਉਹਨਾਂ ਦੀ ਮਤ ਨੂੰ ਕੀ ਹੋ ਗਿਆ ਹੈ, ਕੁਝ ਆਖਿਆ ਨਹੀਂ ਜਾਂਦਾ। ਇਹ ਸਭ ਵਿਦਿਆ ਦਾ ਕੁਫੇਰ ਹੈ, ਸਚੀ ਗੁਰਮਤਿ ਨੂੰ ਉਹ ਧਾਰਨ ਕਰਦੇ ਹੀ ਨਹੀਂ। ਇਸੇ ਕਰਕੇ ਭਰਮਦੇ ਫਿਰਦੇ ਹਨ। ਇਸ ਗੁਰਵਾਕ ਦੁਆਰਾ ਪੰਡਤਾ ਦੀ ਪੰਡਤਾਈ ਅਤੇ ਜੋਤਸ਼ੀਆਂ ਦੀ ਜੋਤਿਸ਼ ਵਿਦਿਆ ਦਾ ਸਾਫ਼ ਖੰਡਣ ਹੈ।

ਇਕਿ ਕੁਚਲ ਕੁਚੀਲ ਵਿਖਲੀਪਤੇ ਨਾਵਹੁ ਆਪਿ
ਖੁਆਇ। ਨਾ ਓਨਾਂ ਸਿਧਿ ਨ ਬੁਧਿ ਹੈ ਨ ਸੰਜਮੀ
ਫਿਰਹਿ ਉਤਵਾਏ।

ਇਹ ਗੁਰਵਾਕ ਖਾਸ ਕਰ ਕੇ ਸਰੇਵੜਿਆਂ ਜੈਨੀਆਂ ਦੀ ਕੁਚਲ ਕੁਚੀਲ ਕਿਰਿਆ ਪਰਥਾਏ ਉਚਾਰਨ ਹੋਇਆ ਹੈ. ਆਮ ਤੌਰ ਤੇ ਜੋ ਲੋਗ ਨਾਮ ਤੋਂ ਘੁਥੇ ਹੋਏ ਹਨ ਸੋ ਅਨਦਿਨ ਮੈਲੇ ਫਿਰਦੇ ਰਹਿੰਦੇ ਹਨ ਨਾ ਨਹਾਉਂਦੇ ਹਨ ਨਾ ਧੋਂਦੇ ਹਨ ਇਹ ਕੇਵਲ ਗੁਰਮਤਿ ਦੀ ਹੀ ਵਿਸ਼ੇਸ਼ਤਾ ਹੈ ਕਿ ਗੁਰਮੁਖ ਜਨ ਅੰਮ੍ਰਿਤ ਵੇਲੇ ਉਠ ਕੇ ਪਹਿਲੇ ਇਸ਼ਨਾਨ ਕਰਦੇ ਹਨ,



www.AKJ.Org

ਫੇਰ ਸਾਵਧਾਨ ਹੋ ਕੇ ਇਕ ਚਿਤ ਇਕ ਬਿਰਤੀ ਦੁਆਰਾ ਨਾਮ ਜਪਦੇ ਹਨ, ਕੁਚਲ ਕੁਚੀਲ ਕਿਰਿਆ ਰਖਣ ਵਾਲੇ ਆਪਣੇ ਆਪ ਨੂੰ ਲੋਕਾਂ ਤਾਈਂ ਇਹ ਜਣਾਉਂਦੇ ਹਨ ਕਿ ਅ ੀਂ ਬਿਨਾਂ ਸੌਚ ਇਸ਼ਨਾਨ ਤੋਂ ਹੀ ਪੁਗ ਖਲੋਤੇ ਹਾਂ, ਵਾਸਤਵ ਵਿਚ ਨਾ ਇਹਨਾਂ ਨੂੰ ਸਿਧੀ ਪ੍ਰਾਪਤ ਹੁੰਦੀ ਹੈ ਨਾ ਅਕਲ ਬੁਧ ਹੀ ਠਿਕਾਣੇ ਹੁੰਦੀ ਹੈ, ਨਾ ਹੀ ਉਹ ਸੰਜਮੀਂ ਹੁੰਦੇ ਹਨ ਏਵੇਂ ਡਾਵਾਂ ਡੋਲ ਅੰਦਰੋਂ ਉਖੜੇ ਹੋਇ ਹੀ ਫਿਰਦੇ ਹਨ ਨਾਂ ਹੀ ਉਹ ਚੰਗੀ ਰਹਿਣੀ ਬਹਿਣੀ ਵਾਲੇ ਹੁੰਦੇ ਹਨ, ਉਹ ਧੁੰਧਲੇ ਹੋਇ ਹੀ ਫਿਰਦੇ ਹਨ, ਭੁਲੀ ਹੋਈ ਲੁਕਾਈ ਅਜੇਹੇ ਮਲੀਨ ਕਿਰਿਆ ਵਾਲੇ ਭੇਖੀਆਂ ਦੇ ਪਿਛੇ ਪਈ ਧਾਈ ਕਰੀ ਫਿਰਦੀ ਹੈ, ਜੋ ਭੇਖੀ ਲੋਗ, ਕੁਤਿਆਂ ਦਾ ਜੂਠਾ ਖਾਣ ਵਾਲੇ ਹੁੰਦੇ ਹਨ, ਉਹਨਾਂ ਨੂੰ ਇਹ ਭਰਮ ਭੁਲੇ ਹੋਏ ਲੋਗ ਸਗੋਂ ਬਹੁਤਾ ਪੁਜਿਆ ਹੋਇਆ ਸਮਝਦੇ ਹਨ, ਉਸ ਦੇ ਉਲਟ ਉਹਨਾਂ ਦੇ ਅੰਦਰ ਕੁਝ ਭੀ ਨਹੀਂ ਹੁੰਦਾ । ਭਖ ਅਭਖ ਖਾ ਜਾਣ ਵਾਲੇ ਮਲੀਣ ਕਿਰਿਆ ਵਾਲੇ ਲੋਗ, ਆਪਣੀ ਮਨ-ਮਤ ਕਿਰਿਆ ਦੇ ਕਾਰਨ ਬਹੁਤ ਚੋਟਾਂ ਖਾਣਗੇ ਅਤੇ ਉਹਨਾਂ ਦੇ ਪਿਛੇ ਲਗਣ ਵਾਲਿਆਂ ਮਨਮਤੀਆਂ ਦਾ ਜੋ ਹਾਲ ਹੋਵੇਗਾ ਉਹ ਤਾਂ ਬਹੁਤ ਹੀ ਭਿਅੰਕਰ ਹੈ ।

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ । ਜਿਨ੍ਹਾਂ ਅੰਤਰਿ ਕਪਟੁ ਵਿਕਾਰ ਹੈ ਤਿਨਾਂ ਰੋਇ ਕਿਆ ਕੀਜੈ । ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ । ਜਿਨ ਨਾਨਕ ਗੁਰਮੁਖਿ ਹਿਰਦਾ ਸੁਧ ਹੈ ਹਰਿ ਭਗਤਿ ਹਰਿ ਲੀਜੈ ।

ਇਸ ਵਾਕ ਤੋਂ ਸਿਧ ਹੁੰਦਾ ਹੈ ਕਿ ਗੁਰਮਤਿ ਅੰਦਰ ਗੁਰਬਾਣੀ ਤੋਂ ਛੁਟ ਹੋਰ ਨਾਦ ਮਈ ਕੱਚੀਆਂ ਬਾਣੀਆਂ ਗਾਵਣੀਆਂ ਉਕੀਆਂ ਹੀ ਅਪਰਵਾਨ ਹੈਂ ਜੋ ਲੋਗ ਕੱਚੀਆਂ ਬਾਣੀਆਂ ਵਾਲੇ ਤੇ ਨਿਰੀ ਮਨਮਤ ਭਰੇ ਰਾਗ ਗਾਉਂਦੇ ਹਨ, ਸੰਖ, ਸਿੰਗੀ ਆਦਿਕ ਨਾਦ ਵਜਾਉਂਦੇ ਹਨ ਅਤੇ ਅਨਮਤ ਪੁਸਤਕਾਂ ਵੇਦਾਂ ਆਦਿਕਾਂ ਨੂੰ ਪੜ੍ਹਦੇ ਪੜ੍ਹਾਉਂਦੇ ਹਨ, ਬਹੁ ੨ ਭਾਂਤ ਦੀਆਂ ਮਨ ਹੁਦਰੀਆਂ ਕੁਬਾਣੀਆਂ ਬਾਹਰੋਂ ਟਪੇ ਲਾ ਲਾ ਕੇ ਲੋਕਾਂ ਨੂੰ ਸੁਣਾਉਂਦੇ ਹਨ ਸਭ ਮਨਮਤ ਕਿਰਿਆ ਦੁਆਰਾ ਪਤੀਜ ਜਾਂਦੇ ਹਨ, ਪਰੰਤੂ ਵਾਹਿਗੁਰੂ ਤੇ ਵਾਹਿਗੁਰੂ ਦੇ ਅਨਿੰਨ ਭਗਤ ਉਕੇ ਹੀ ਨਹੀਂ ਭਿਜਦੇ ਜਿਨ੍ਹਾਂ ਮਨਮਤੀਆਂ ਦੇ ਅੰਦਰ ਅਨ-ਮਤਿ ਭਰਿਆ ਕਪਟ ਅਤੇ ਨਿਰਾ ਵਿਕਾਰ ਹੀ ਵਿਕਾਰ ਹੁੰਦਾ ਹੈ ਤਿਨਾਂ ਦੇ ਉਪਰੋਂ ੨ ਰੋਏ ਤੇ ਕੀ ਬਣਦਾ ਹੈ ਇਹ ਨਿਰਾ ਹੀ ਆਪਣੇ ਆਪ ਨੂੰ ਬੈਰਾਗੀ, ਜਣਾਉਣ ਦਾ ਵਿਖਾਵਾ ਭੇਖ ਹੀ ਹੁੰਦਾ ਹੈ, ਜੈਸੇ ਕਿ ਕਈ ਦਿਖਾਵੇ ਦੇ ਕਪਟੀ ਲੋਗ ਇਸ ਗੁਰਵਾਕ ਦੀ ਤੁਲ ਅਨੁਸਾਰ ਕਪਟ ਕਮਾਉਂਦੇ ਹਨ, 'ਆਖਨ ਭੀਤਰ ਤੇਲ ਕੋ ਡਾਰ ਸੁ ਲੋਗਨ ਨੀਰ ਬਹਾਇ ਦਿਖਾਵੈ' ਭਲਾ ਇਸ ਬਿਧ ਰੋਵਣ ਗਾਵਣ ਦੇ ਦਿਖਾਵੇ ਨਾਲ ਕੀ ਬਣਦਾ ਹੈ ਅੰਤਰਜਾਮੀ ਵਾਹਿਗੁਰੂ ਇਹ ਕਪਟੀਆਂ ਦੇ ਅੰਦਰਲੇ ਕਪਟ ਨੂੰ ਭਲੀ ਬਿਧ ਜਾਣਦਾ ਹੈ ਭਾਵੇਂ ਇਹ ਕਪਟੀ ਆਪਣੇ ਕਪਟ ਨੂੰ ਕਿਤਨਾ ਹੀ ਛੁਪਾ ਛੁਪਾ ਕੇ ਰਖਣ ਅਤੇ ਆਪਣੇ ਸਿਰ (ਦਿਮਾਗ) ਬੁਰਾਈ ਦੇ ਰੋਗ ਨੂੰ ਕਿਤਨਾ ਹੀ ਹਥ ਦੇ ਕੇ ਰੋਕਣ ਦੇ ਯਤਨ ਕਰਨ । ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਜਿਨ੍ਹਾਂ ਗੁਰਮੁਖ ਜਨਾਂ ਦਾ ਹਿਰਦਾ ਸ਼ੁਧ ਹੁੰਦਾ ਹੈ ਉਹਨਾਂ ਨੂੰ ਹੀ ਵਾਹਿਗੁਰੂ ਦੀ ਸਚੀ ਭਗਤੀ ਮਿਲਦੀ ਹੈ । (ਚਲਦਾ)

## ਭੂਪਾਲ ਵਿਖੇ ਅਦੁਤੀ ਅਖੰਡ ਕੀਰਤਨ ਸਮਾਗਮ ਦਾ ਪਰੋਗਰਾਮ

**24.10.70** ਸ਼ਨੀਵਾਰ ਕੀਰਤਨ ਆਸਾ ਦੀ ਵਾਰ ਗੁ: ਸਾਹਿਬ ਸ਼ਾਹਜਹਾਨਾਬਾਦ ਸਵੇਰੇ **5** ਤੋਂ **10** ਵਜੇ ਤਕ

**24.10.70** ਕੀਰਤਨ ਰੈਣਸਬਾਈ ਗੁ: ਨਾਨਕ ਦਰਬਾਰ ਹੈਵੀਇਲੈਕਟਰੀਕਲਜ਼ ਸ਼ਾਮ **8** ਤੋਂ ਸਵੇਰੇ **6** ਵਜੇ ਤਕ

**24.10.70** ਰਾਤ ਨੂੰ ਹੀ ਗੁਰਦਵਾਰਾ ਨਾਨਕ ਦਰਬਾਰ ਸਾਹਿਬ ਵਿਖੇ ਹੀ ਅੰਮ੍ਰਿਤ ਸੰਚਾਰ ਹੋਵੇਗਾ ।

ਇਸ ਗੁਰਦਵਾਰਾ ਸਾਹਿਬ ਦੇ ਨਜ਼ਦੀਕ ਹੀ ਬਾਹਰੋਂ ਆਈਆਂ ਸੰਗਤਾਂ ਦੇ ਰਿਹਾਇਸ਼ ਦਾ ਪ੍ਰਬੰਧ ਹੋਵੇਗਾ ।

ਸਮੂੰਹ ਸੰਗਤਾਂ ਅਗੇ ਜੋਦੜੀ ਹੈ ਕਿ ਦਰਸ਼ਨ ਦੇ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਨ ।

ਪੁਛ ਗਿਛ ਲਈ—ਇੰਦਰਜੀਤ ਸਿੰਘ, ਦਾਸਰੇ—ਅਖੰਡ ਕੀਰਤਨੀ ਜਥਾ, ਭੂਪਾਲ ।

495/N2/Sector-C. BERKHERA H.E.L. BHOPAL

www.AKJ.Org

# ਬ੍ਰਹਮ-ਵੀਚਾਰ ਦੇ ਰੰਗ

ਵਲੋਂ :
ਗਿਆਨੀ ਦਲਜੀਤ ਸਿੰਘ 'ਕਮਲ' ਦਿੱਲੀ

( ਲੜੀ ਜੋੜਨ ਲਈ ੨੦ ਸਤੰਬਰ ਦਾ 'ਸੂਰਾ' ਵੇਖੋ )

*

ਕੋਲ-ਨਾਭ ਪੁਛਦਾ ਹੈ । ਮਹਾਰਾਜ ਜੋ ਸਾਸਤਰਾਂ ਅੰਦਰ ਚਾਰ ਆਸ਼ਰਮ ਲਿਖੇ ਹੋਏ ਹਨ, ਇਹਨਾਂ ਚਾਰਾਂ ਵਿਚੋਂ ਸਭ ਤੋਂ ਸ੍ਰੇਸ਼ਟ ਕਿਹੜਾ ਹੈ। ਕਿਰਪਾ ਕਰ ਕੇ ਦਸੋ । ਮੇਰੇ ਮਨ ਅੰਦਰ ਇਹ ਬਹੁਤ ਦੇਰ ਦਾ ਭਰਮ ਹੈ । ਇਸ ਨੂੰ ਦੂਰ ਕਰੋ, ਕਿਉਂਕਿ ਆਪ ਜੀ ਨੂੰ ਪੂਰਨ ਸੰਤ ਪੁਰਸ਼ ਜਾਣ ਕੇ ਪੁਛਣਾ ਕੀਤਾ ਹੈ । ਆਪ ਜੀ ਮੇਰੇ ਹਿਰਦੇ ਅੰਦਰੋਂ ਇਸ ਸੰਸੇ ਨੂੰ ਦੂਰ ਕਰੋ ।

ਗੁਰੂ ਜੀ ! 'ਰਾਜਨ' ਸੁਣੋਂ, ਚਾਰ ਆਸ਼ਰਮਾਂ ਅੰਦਰੋਂ ਅਸੀਂ ਤੇ ਗ੍ਰਹਿਸਤ ਨੂੰ ਹੀ ਉਤਮ ਜਾਣਦੇ ਹਾਂ, ਕਿਉਂਕਿ ਬਾਕੀ ਦੇ ਤਿੰਨੇ ਆਸ਼ਰਮ ਇਸੇ ਵਿਚੋਂ ਹੀ ਉਤਪੰਨ ਹੋਏ ਹਨ ਤੇ ਸਾਰਿਆਂ ਨੂੰ ਇਹੋ ਹੀ ਪਾਲਦਾ ਹੈ, ਜਿਵੇਂ ਜਲ ਕਮਲ ਫੁਲਾਂ ਦੀ ਉਪਜ ਕਰਦਾ ਹੈ ਤੇ ਫਿਰ ਉਹਨਾਂ ਦੀ ਪਾਲਣਾ ਕਰਦਾ ਹੈ । ਇਸੇ ਤਰ੍ਹਾਂ ਇਹ ਸਮਝੋ ਕਿ ਗ੍ਰਹਿਸਤ ਵਡਾ ਦਰੱਖਤ ਹੈ ਤੇ ਬਾਕੀ ਆਸ਼ਰਮ ਇਸ ਦੀਆਂ ਡਾਲੀਆਂ ਹਨ, ਸ਼ਾਖਾਂ ਹਨ ਜਾਂ ਇੰਝ ਸਮਝੋ ਕਿ ਗ੍ਰਹਿਸਤ ਸਮੁੰਦਰ ਸਮਾਨ ਬ੍ਰਹਮ-ਚਰਜ ਤੇ ਬਾਨ-ਪ੍ਰਸਤ ਅਤੇ ਸੰਨਿਆਸ ਆਦਿ ਸਾਰਿਆਂ ਦਾ ਕਰਤਾ ਗ੍ਰਹਿਸਤ ਹੀ ਹੈ। ਕਿਉਂਕਿ ਇਹ ਵੰਡ ਖਾਂਦਾ ਹੈ, ਦਾਨ ਕਰਦਾ ਹੈ, ਗ੍ਰਹਿਸਤੀ ਦਾ ਪਰਮ-ਧਰਮ ਹੀ ਇਹੋ ਹੈ ਕਿ ਇਸ ਦੇ ਸਾਹਮਣੇ ਆਇਆ ਕੋਈ ਵੀ ਅਭਯਾਗਤ ਖਾਲੀ ਨਾ ਜਾਵੇ । ਜਿਵੇਂ ਖੂਹ ਦਾ ਪਾਣੀ ਚਲਦਾ ਹੀ ਸਾਫ਼ ਰਹਿੰਦਾ ਹੈ ਇਸੇ ਤਰ੍ਹਾਂ ਗ੍ਰਹਿਸਥੀ ਦੇ ਘਰੋਂ ਧੰਨ ਦੀ, ਮਨ ਦੀ, ਤਨ ਦੀ ਸੇਵਾ ਹੁੰਦੀ ਹੀ ਰਹੇ ਤਾਂ ਹੀ ਇਹ ਸਫ਼ਲ ਹੈ । ਇਸ ਤਰ੍ਹਾਂ ਇਹ ਗ੍ਰਹਿਸਥ ਮਿਠਾ ਤੇ ਸਵਾਦਲਾ ਬਣਿਆ ਰਹਿੰਦਾ ਹੈ । ਇਸ ਵਾਸਤੇ ਗ੍ਰਹਿਸਥੀ ਦੀ ਰੀਤ ਤੇ ਬਹੁਤ ਹੀ ਸ਼ੋਭਨੀਕ ਹੈ। ਜੋ ਗ੍ਰਹਿਸਥੀ ਇਸ ਤਰ੍ਹਾਂ ਜੀਵਨ ਬਤੀਤ ਕਰੇ ਉਹ ਲੋਕ ਤੇ ਪ੍ਰਲੋਕ ਦੇ ਸਾਰੇ ਸੁਖ ਤੇ ਜਸ ਪ੍ਰਾਪਤ ਕਰਦਾ ਹੈ। ਐਸਾ ਗ੍ਰਹਿਸਥੀ ਆਤਮ ਅਭਿਆਸੀ ਬਣ ਕੇ ਸੁਖਾਂ ਦੀ ਰਾਸ ਪੂੰਜੀ ਜਮ੍ਹਾਂ ਕਰ ਲੈਂਦਾ ਹੈ । ਹਿਰਦੇ ਅੰਦਰ ਭਾਓ ਤੇ ਭਗਤੀ ਦੀ ਕਿਰਤ ਕਰ ਕੇ ਉਚਾ ਆਦ੍ਰਸ਼ਿਕ ਜੀਵਨ ਬਤੀਤ ਕਰ ਕੇ ਅਨੰਦ ਮਾਣਦਾ ਹੈ ਇਹੋ ਜਿਹੇ ਗ੍ਰਹਿਸਥੀ ਦੀ ਉਪਮਾ ਕਹੀ ਨਹੀਂ ਜਾ ਸਕਦੀ। ਐਸੇ ਗ੍ਰਹਿਸਥੀ ਤੇ ਸੰਸਾਰ ਵਿਚ ਰਹਿੰਦਿਆਂ ਭਾਗ-ਸ਼ਾਲੀ ਬਣ ਕੇ ਸੁਖ ਮਾਣਦੇ ਹਨ ।

ਇਹੋ ਜਿਹੇ ਗ੍ਰਹਿਸਥੀ ਤੇ ਇਵੇਂ ਹਨ ਕਿ ਜਿਵੇਂ ਵੇਲ ਦੇ ਨਾਲ ਲਗਾ, ਖਰਬੂਜਾ ਅਤ-ਮਧਰ ਤੇ ਸੁਵਾਦਲਾ ਬਣਦਾ ਹੈ । ਉਸ ਦੀ ਰੰਗਤ ਤੇ ਉਸ ਦੀ ਸੁਗੰਧੀ, ਉਸ ਦੀ ਮਿਠਾਸ ਨਾਲ ਉਹ ਖਰਬੂਜ਼ਾ ਤੁਲਨਾ ਨਹੀਂ ਰਖਦਾ । ਜੇ ਕੱਚਾ ਹੀ ਤੋੜ ਲਿਆ ਜਾਵੇ ਤੇ ਫਿਰ ਪੈਲ ਪਾ ਕੇ ਪਕਾਇਆ ਜਾਵੇ । ਰਾਜਨ ਐਸਾ ਖਰਬੂਜਾ ਤੇ ਮਿੱਠਾ ਵੀ ਘਟ ਹੀ ਹੁੰਦਾ ਹੈ ਤੇ ਦਾਗੀ ਵੀ ਹੋ ਜਾਂਦਾ ਹੈ । ਐਸੇ ਸੰਸਾਰ ਅੰਦਰ ਸੰਨਿਆਸੀ, ਜੋਗੀ, ਤਿਆਗੀ ਮਿਲਦੇ ਵੀ ਹਨ। ਜੋ ਘਰ-ਬਾਰ ਛਡ ਪ੍ਰਦੇਸਾਂ ਵਿਚ ਵਿਚਰਦੇ ਹਨ ਤੇ ਪੰਚ-ਚੰਡਾਲਾਂ ਦੇ ਵਸ ਪਏ ਹੋਏ ਪਾਪ ਕਰਮ ਕਰਦੇ ਹਨ । ਘਰ ਦੀਆਂ ਇਸਤ੍ਰੀਆਂ ਦਾ ਤਿਆਗ ਕਰਦੇ ਹਨ ਤੇ ਪ੍ਰਾਈਆਂ ਵਲ ਮੰਦੀ ਨਿਗਾਹ ਨਾਲ ਵੇਖਦੇ ਹਨ । ਇਹਨਾਂ ਦੇ ਅੰਦਰ ਕਿਸੇ ਤਰ੍ਹਾਂ ਦੀ ਵੀ ਸ਼ਾਂਤੀ ਨਹੀਂ ਆਉਂਦੀ ਐਵੇਂ ਹੀ ਭੇਖੀ ਬਣ ਕੇ ਜਨਮ



www.AKJ.Org

ਵਿਅਰਥ ਗਵਾ ਲੈਂਦੇ ਹਨ। ਉਹਨਾਂ ਦੀ ਨਜ਼ਰ ਕੁਤੇ ਵਰਗੀ ਹੀ ਰਹਿੰਦੀ ਹੈ। ਈਸ਼ਵਰ ਦੀ ਗਤੀ ਨੂੰ ਜਾਣ ਨਹੀਂ ਪਾਉਂਦੇ। ਐਵੇਂ ਹੀ ਭੌਂਦੇ ਰਹਿੰਦੇ ਹਨ। ਇਸ ਲਈ ਰਾਜਨ ਸਭ ਤੋਂ ਉਤਮ ਗ੍ਰਹਿਸਤ ਹੈ। ਪਰ ਜਿਵੇਂ ਦਾ ਅਸੀਂ ਦਸਿਆ ਹੈ ਨਹੀਂ ਤੇ ਜੇ ਦਾਨ, ਪੁੰਨ, ਸੰਤਨ ਸੇਵਾ, ਸਾਧ ਸੰਗਤ ਨਾ ਹੋਵੇ ਤੇ ਗ੍ਰਹਿਸਤੀ ਦਾ ਘਰ ਮੜ੍ਹੀਆਂ ਸਮਾਨ ਹੈ ਤੇ ਉਹ ਗ੍ਰਹਿਸਤੀ ਜਿਵੇਂ ਉਦਿਆਨ ਸ਼ਮਸ਼ਾਨ ਅੰਦਰ ਭੂਤ ਵਸਦੇ ਹਨ, ਇਸ ਤਰ੍ਹਾਂ ਵਾਸ ਕਰਦਾ ਹੈ।

ਸੋ ਗੁਰੂ ਸਾਹਿਬ ਜੀ ਹੁਕਮ ਕਰਦੇ ਹਨ। ਭਾਈ ਸਚਾ ਉਪਦੇਸ਼ ਗ੍ਰਹਿਣ ਕਰਕੇ ਘਰ ਬੈਠਿਆਂ ਰਾਜ, ਯੋਗ ਕਮਾਉਣਾ ਹੈ:

ਨਾਨਕ ਗੁਰਮੁਖਿ ਬ੍ਰਹਮੁ ਬਿਚਾਰੀਐ
ਚੂਕੈ ਮਨਿ ਅਭਿਮਾਨੁ।
(ਬਿਲਾਵਲ ਦੀ ਵਾਰ)

ਸੋ ਅਸਲ ਬ੍ਰਹਮ ਵਿਚਾਰ ਦਾ ਭੇਦ ਹੀ ਇਹੋ ਹੈ ਕਿ ਜੀਵ ਗ੍ਰਹਿਸਤ ਵਿਚ ਰਹਿ ਕੇ ਸਚਾ ਸੇਵਕ ਬਣ ਕੇ ਆਪ ਤਰੇ ਹੋਰਨਾਂ ਨੂੰ ਤਾਰੇ ਫਿਰ ਤੇ ਇਸ ਦਾ ਆਇਆ ਸਫਲ ਤੇ ਧੰਨਤਾ ਯੋਗ ਹੋ ਜਾਂਦਾ ਹੈ। ਜੇ ਰਸਨਾ ਰਸ-ਭਿੰਨੀ ਹੈ, ਨਾਮ ਨਹੀਂ ਸਿਮਰਦੀ ਫਿਰ ਇਸ ਵਾਸਤੇ ਸਜ਼ਾ ਵੀ ਕਰੜੀ ਹੈ। ਕਿ ਤਿਲ-ਤਿਲ ਕਰ ਕਟੀ ਜਾਵੇਗੀ, ਅਸਲ ਬਾਤ ਤੇ ਇਹੋ ਹੈ ਕਿ ਕਿਸੇ ਵੀ ਵਰਨ, ਆਸ਼ਰਮ ਅੰਦਰ ਜੀਵ ਪ੍ਰਾਣੀ ਮਾਤਰ ਦਾ ਸ਼ੁਭ ਅਮਲ ਤੇ ਨਾਮ ਤੋਂ ਬਿਨਾਂ ਪਾਰ ਉਤਾਰਾ ਨਹੀਂ ਹੋ ਸਕਦਾ।

ਹੋਰ ਪੜ੍ਹੋ ਬ੍ਰਹਮ-ਵੀਚਾਰ ਦੀ ਅਮੋਲਕ-ਸਿਖਿਆ, ਅੰਮ੍ਰਿਤ-ਦਾਤ ਵੀਚਾਰ ਹੈ। ਸਾਰੀ ਧਰਤੀ ਦੀ ਜਿੰਨੀ ਕੁ ਬਨਾਸਪਤੀ ਲਕੜੀ ਸਾਡੇ ਸਾਹਮਣੇ ਦਿਸ ਰਹੀ ਹੈ, ਇਸ ਸਾਰੀ ਦੇ ਅੰਦਰ ਅੱਗ ਭਰੀ ਪਈ ਹੈ।

ਵਾਹਿਗੁਰੂ ਜੀ ਦੀ ਇਹ ਅਲੌਕਿਕ ਵਡਿਆਈ ਹੈ ਕਿ ਇਹ ਅੱਗ ਆਪਣਾ ਸੁਭਾਵ ਬਦਲ ਕੇ ਰਹਿੰਦੀ ਹੈ, ਐਵੇਂ ਕਿਸੇ ਨੂੰ ਸਾੜਦੀ ਨਹੀਂ। ਧਰਤੀ ਦੇ ਸਾਰੇ ਪਾਸੇ ਪਾਣੀ ਹੀ ਪਾਣੀ, ਸਮੁੰਦਰ ਹੀ ਸਮੁੰਦਰ ਹੈ ਤੇ ਇਸ ਦੀ ਉਚਾਈ ਸਾਡੀ ਧਰਤੀ ਨਾਲੋਂ ਮੀਲਾਂ-ਬੱਧੀ ਉਚੀ ਹੈ, ਪਰ ਇਹ ਐਸਾ ਮਰਯਾਦਾ ਅੰਦਰ ਪੰਡ ਵਾਂਗ ਬਝਾ ਹੈ। ਬੜੇ ਸ਼ਹਿਰ ਇਸ ਦੇ ਕਿਨਾਰਿਆਂ ਤੇ ਵਸਦੇ ਹਨ, ਪਰ ਕਿਸੇ ਨੂੰ ਡੋਬਦਾ ਨਹੀਂ। ਇਕ ਐਸਾ ਪੁਰਾਤਨ ਬ੍ਰਿਛ ਹੈ ਜਿਸ ਦੀਆਂ ਜੜ੍ਹਾਂ ਉਤੇ ਵਲ ਹਨ, ਸ਼ਾਖਾਂ ਹੇਠਾਂ ਵਲ ਨੂੰ ਜਾਂਦੀਆਂ ਹਨ।

ਉਹ ਹੈ ਬ੍ਰਹਮ-ਰੂਪ ਅਕਾਲ ਪੁਰਖ ਬ੍ਰਹਮ। ਸਾਰੇ ਆਕਾਰ ਉਸੇ ਵਿਚ ਸਮਾਏ ਹੋਏ ਹਨ ਅਤੇ ਕੁਝ ਵੀ ਉਸ ਤੋਂ ਬਾਹਰ ਨਹੀਂ ਹੈ। ਜਿਸ ਦੀ ਉਪਰ ਵਲ ਜੜ੍ਹ ਹੈ ਤੇ ਸ਼ਾਖਾਂ ਹੇਠਾਂ ਵਲ ਹਨ। ਚਾਰੇ ਵੇਦ ਜਿਸ ਦੇ ਪੱਤੇ ਹਨ, ਭਾਵ ਮਾਇਆ ਜੜ੍ਹ ਹੈ, ਤ੍ਰੈ ਗੁਣ ਸ਼ਾਖਾਂ ਹਨ, ਪਰ ਇਹ ਸਾਰੇ ਚੌਥੇ ਪਦ ਦੀ ਖਬਰ ਨਹੀਂ ਦੇ ਸਕਦੇ। ਤੀਨ ਅਵਸਥਾਂ ਤਕ ਹੀ ਇਹਨਾਂ ਦਾ ਗਿਆਨ ਹੈ। ਚੌਥੇ-ਪਦ ਦੀ ਸੋਝੀ ਵਾਲੇ ਕੇਵਲ ਗੁਰੂ-ਗੁਰੂ ਨਾਨਕ ਜੀ ਹੀ ਹਨ, ਇਸ ਜੀਵ ਦੇ ਹਿਰਦੇ ਰੂਪੀ ਘੜੇ ਅੰਦਰ ਵਾਹਿਗੁਰੂ ਰੂਪ ਸਮੁੰਦਰ ਦਾ ਪ੍ਰਕਾਸ਼ ਹੈ। ਉਹ ਐਸਾ ਸੰਮੁਖ ਸਦੀਵ ਕਾਲ ਲਈ ਭਗਤਾਂ ਦੇ ਹਿਰਦੇ ਅੰਦਰ ਵਾਸ ਕਰਦਾ ਹੈ। ਹੇ ਮੇਰੇ ਮਨ! ਤੂੰ ਵੀ ਉਸ ਨੂੰ ਅਠੇ ਪਹਿਰ ਜਪ, ਹਿਰਦੇ ਵਿਚ ਸਿਮਰ, ਅੰਦਰੋਂ ਹੀ ਭਾਗ ਲਗਣਗੇ। ਵੇਖ, ਪਹਿਲਾਂ ਦੁਧ ਹੁੰਦਾ ਹੈ—ਕਾੜ੍ਹ ਜਮਾ ਕੇ ਤੇ ਰਿੜਕ ਕੇ ਮਖਣ ਨਿਕਲਦਾ ਹੈ। ਦੁਧ ਦਾ ਸਾਰ-ਤਤ ਮਖਣ ਹੈ, ਪਰ ਸ੍ਰਿਸ਼ਟੀ ਦਾ ਤਤ ਵਾਹਿਗੁਰੂ ਹੈ। ਇਸ ਹਾਲਤ ਵਿਚ ਇਹ ਸਾਰ-ਤਤ ਹੈ (ਵਾਹਿਗੁਰੂ) ਪਹਿਲਾਂ ਹੈ ਤੇ ਪਸਾਰਾ, ਸ੍ਰਿਸ਼ਟੀ-ਰੂਪ ਦੁਧ ਪਿਛੋਂ ਹੈ। ਫਿਰ ਉਸ ਦੇ ਅੰਦਰ ਹਰੀ-ਰੂਪ ਮਖਣ ਵੀ ਵਿਆਪਕ ਹੈ। ਜਿਵੇਂ ਦੁਧ ਦੇ ਅੰਦਰ ਮਖਣ ਹੁੰਦਾ ਹੈ, ਮੈਲ ਨੇ ਸਾਬਣ ਨੂੰ ਸ਼ੁਧ ਕੀਤਾ, ਬੱਚੇ ਲਈ ਮਾਤਾ ਦਾ ਲਹੂ ਚਿਟਾ ਦੁਧ ਬਣਦਾ ਹੈ। ਇਹ ਜੀਵ ਜੋ ਅਸਲ ਵਿਚ ਨਿਰਭੈਤਾ ਦਾ ਸਰੂਪ ਸੀ, ਉਹ ਐਵੇਂ ਹੀ ਡਰਦਾ ਫਿਰਦਾ ਹੈ। ਹੋਂਦ ਤੇ ਜੀਵ ਦੀ ਹੈ, ਪਰ ਅਣਹੋਂਦ ਵਾਲੀ ਮਾਇਆ ਇਸ ਨੂੰ ਠਗਦੀ ਫਿਰਦੀ ਹੈ। ਦਿਸਣ ਵਾਲਾ ਸਰੀਰ ਨਾਸ਼ਵੰਤ ਹੈ ਤੇ ਆਤਮਾ ਥਿਰ ਰਹਿਣ ਵਾਲਾ ਹੈ, ਜੋ ਗੁਪਤ ਹੈ, ਸਰੀਰ ਦਿਸ



www.AKJ.Org

ਰਿਹਾ ਹੈ। ਇਹ ਜਗਦੀਸ਼ ਦੀ ਰਚਨਾ ਹੈ। ਨਾ ਠਗੇ ਜਾਣ ਵਾਲੇ ਜੀਵ ਨੂੰ ਮਾਇਆ ਠਗੀ ਜਾ ਰਹੀ ਹੈ।

ਧਰਮ ਦੀ ਪੂੰਜੀ ਤੋਂ ਬਿਨਾਂ ਜੀਵ ਫਿਰ ਫਿਰ ਖਲਜਗਨਾਂ ਵਿਚ ਹੀ ਪਿਆ ਰਹਿੰਦਾ ਹੈ। ਹੇ ਜੀਵ! ਇਹ ਉਤਮ ਵੀਚਾਰ ਦੀ ਸਾਰ ਤੈਨੂੰ ਭਲੇ ਪੁਰਖਾਂ ਦੀ ਸੰਗਤ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ। ਤੂੰ ਭਾਈ! ਸੋਚ ਤੇ ਵਿਚਾਰ ਕਰ। ਭਾਵੇਂ ਸਿਮ੍ਰਤੀਆਂ, ਸ਼ਾਸਤਰਾਂ, ਵੇਦਾਂ, ਪੁਰਾਣਾਂ ਅੰਦਰ ਵੀ ਇਹ ਸ਼ੁਭ ਵਿਚਾਰਾਂ ਆਉਂਦੀਆਂ ਹਨ, ਪਰ ਜਿਹੜੀ ਵਿਚਾਰ ਵਾਹਿਗੁਰੂ ਜੀ ਨਾਲ ਮਿਲ ਕੇ ਪ੍ਰਾਪਤ ਹੋਵੇ, ਉਸ ਨਾਲ ਜੀਵ ਭਵ-ਸਾਗਰੋਂ ਪਾਰ ਹੋ ਜਾਂਦਾ ਹੈ, ਕਿਉਂਕਿ ਵਾਹਿਗੁਰੂ ਜੀ ਬਹੁਤ ਵਡੀ ਸਮਰਥਾ ਦੇ ਮਾਲਕ ਹਨ, ਉਹਨਾਂ ਦੀ ਵੀਚਾਰ ਕਰਨ ਵਾਲਾ ਮਨੁਖ ਮਾਇਆ ਦੀਆਂ ਬਲਾਵਾਂ ਤੋਂ ਬਚ ਜਾਂਦਾ ਹੈ। ਮਾਇਆ ਦੀ ਤਾਕਤ ਉਲਟ ਕੇ ਆਤਮਿਕ-ਤਰੱਕੀ ਵਿਚ ਰੁਕਾਵਟ ਪਾਣ ਦੀ ਬਜਾਏ ਸਹਾਇਤਾ ਕਰਨ ਲਗ ਪੈਂਦੀ ਹੈ। ਇਸ ਪ੍ਰਥਾਏ ਗੁਰੂ ਨਾਨਕ ਦੀ ਜੋਤ ਪੰਜਵੇਂ ਜਾਮੇ ਵਿਚ ਇੰਞ ਫੁਰਮਾਨ ਕਰ ਰਹੀ ਹੈ:—

ਈਂਧਨ ਤੇ ਬੈਸੰਤਰੁ ਭਾਗੈ। ਮਾਟੀ ਕਉ ਜਲੁ ਦਹ ਦਿਸ ਤਿਆਗੈ। ਊਪਰਿ ਚਰਨ ਤਲੈ ਅਕਾਸੁ। ਘਟ ਮਹਿ ਸਿੰਧੁ ਕੀਓ ਪਰਗਾਸੁ।੧। ਐਸਾ ਸੰਮ੍ਰਥੁ ਹਰਿ ਜੀਉ ਆਪਿ। ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ ॥੧॥ਰਹਾਉ॥ ਪ੍ਰਥਮੇ ਮਾਖਨੁ ਪਾਛੈ ਦੂਧ। ਮੈਲੂ ਕੀਨੋ ਸਾਬੁਨੁ ਸੂਧੁ। ਭੈ ਤੇ ਨਿਰਭਉ ਡਰਤਾ ਫਿਰੈ। ਹੋਂਦੀ ਕਉ ਅਣਹੋਂਦੀ ਹਿਰੈ।੨। ਦੇਹੀ ਗੁਪਤ ਬਿਦੇਹੀ ਦੀਸੈ। ਸਗਲੇ ਸਾਜਿ ਕਰਤ ਜਗਦੀਸੈ। ਠਗਣਹਾਰ ਅਣਠਗਦਾ ਠਾਗੈ। ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ।੩। ਸੰਤ ਸਭਾ ਮਿਲਿ ਕਰਹੁ ਬਖਿਆਣ। ਸਿੰਮ੍ਰਿਤਿ ਸਾਸਤ ਬੇਦ ਪੁਰਾਣ। ਬ੍ਰਹਮ ਬੀਚਾਰ ਬੀਚਾਰੇ ਕੋਇ। ਨਾਨਕ ਤਾ ਕੀ ਪਰਮਗਤਿ ਹੋਇ।੪।

ਇਸ ਲਈ ਪਾਠਕ ਜਨੋ! ਸਾਡਾ ਸਾਰਿਆਂ ਦਾ ਮੁਖ-ਕਰਮ ਇਹੋ ਹੈ ਕਿ ਅੰਦਰੋਂ ਕਾਮ ਕ੍ਰੋਧ ਆਦਿ ਦੈਂਤਾਂ ਨੂੰ ਕਢੀਏ ਤੇ ਫਿਰ ਵਾਹਿਗੁਰੂ ਦੀ ਭਗਤੀ ਅਤੇ ਸਿਮਰਨ ਦਾ ਸਵਾਦ ਆਵੇਗਾ। ਉਸ ਦੀ ਜੋਤ ਅੰਦਰ ਪ੍ਰਗਟ ਹੋਵੇਗੀ ਤੇ ਫਿਰ ਅੰਦਰ ਬਾਹਰ ਸਾਰੇ ਹੀ ਉਸ ਦਾ ਨੂਰ ਚਮਕਾਂ ਮਾਰਦਾ ਦਿਸ ਆਵੇਗਾ। ਸ਼ਬਦ ਦੀ ਕਮਾਈ ਨਾਲ ਅੰਦਰ ਤ੍ਰਿਸ਼ਨਾ ਦੇ ਡਰ ਦੂਰ ਹੋ ਜਾਂਦੇ ਹਨ ਤੇ ਨਿਤ ਨਵਾਂ, ਪ੍ਰੇਮਾ-ਭਗਤੀ ਕਰਨ ਵਲ ਚਾ ਉਪਜਦਾ ਹੈ। ਜੀਵ ਦੀ ਰਹਿਣੀ-ਬਹਿਣੀ ਦਿਨੋਂ ਦਿਨ ਚੰਗੀ ਹੁੰਦੀ ਜਾਂਦੀ ਹੈ। ਗੁਰਮੁਖ ਬਣ ਕੇ, ਸ਼ਬਦ ਦੀ ਕਮਾਈ ਕਰਕੇ ਅਨੰਦੁ-ਸ੍ਰੂਪ ਅਕਾਲ ਪੁਰਖ ਨਾਲ ਮੇਲ ਹੋ ਜਾਂਦਾ ਹੈ ਤੇ ਬ੍ਰਹਮ-ਬੀਚਾਰ ਨਾਲ ਪਰਮ-ਗਤਿ ਪ੍ਰਾਪਤ ਹੋ ਜਾਂਦੀ ਹੈ।

## ਦੀਵਾਰ ਦੀ ਵੀਚਾਰ

ਵਾਹ! ਵਾਹ!! ਮਨੁਖ ਕਿਡਾ ਸਿਆਣਾ ਸੂਝਵਾਨ ਬਣ ਕੇ ਵੀ ਅਨਜਾਣ ਬਣ ਬੈਠਾ ਹੈ। ਬ੍ਰਿਛ-ਬੂਟੇ, ਪਥਰ-ਪੰਛੀ, ਪਸ਼ੂ ਆਦਿ ਭਾਵ ਚਾਰੇ ਖਾਣੀਆਂ ਹੀ ਤਰਸਦੀਆਂ ਹਨ ਕਿ ਕਦੋਂ ਸਾਨੂੰ ਮਨੁੱਖਾ ਦੁਰਲਭ ਜਨਮ ਦੀ ਪ੍ਰਾਪਤੀ ਹੋਵੇ ਤੇ ਚੋਰਾਸੀ ਦੇ ਗੇੜ ਦੀ ਗਲੋਂ ਪੰਜਾਲੀ ਲਾਹ ਕੇ ਹੌਲੇ ਫੁਲ ਹੋ ਜਾਈਏ। ਮਨੁਖ ਇਸ ਭਾਰੇ ਭਾਰ ਤੋਂ ਛੁਟਕਾਰਾ ਪਾ ਕੇ ਵੀ ਫਿਰ-ਫਿਰ ਪਾਂਧੀ ਭਾਰਾ ਬਣ ਡੁਬ-ਡੁਬ ਜਾਂਦਾ ਹੈ। ਇਸ ਦੀ ਉਮਰ ਬੜੀ ਥੋੜੀ ਹੈ, ਇਕ ਰਾਤ ਦਾ ਪ੍ਰਾਹੁਣਾ ਤੇ ਹੈ। ਸੁਪਨੇ ਸਮਾਨ ਜੀਵਨ ਹੈ। ਪਰ ਇਹ ਆਸਾਂ ਦਾ ਤਾਣਾ ਬਹੁਤ ਵਡਾ ਤਣ ਲੈਂਦਾ ਹੈ ਤੇ ਲੰਬੀਆਂ ਤਾਣ ਮਕੜੀ ਵਾਂਗ ਉਸ ਦੇ ਵਿਚ ਹੀ ਗਾਇਬ ਹੋ ਜਾਂਦਾ ਹੈ।

ਗੁਰਦੇਵ ਜੀ ਕਹਿੰਦੇ ਹਨ, ਭਾਈ ਤੇਰੀਆਂ ਆਪਣੀਆਂ ਉਲੀਕੀਆਂ ਹਦਾਂ ਤੇ ਬੜੀਆਂ ਲੰਬੀਆਂ ਹੁੰਦੀਆਂ ਹਨ। ਇਹ ਸਮਝ ਬੈਠਾ ਹੈਂ ਕਿ ਮੇਰੀ ਉਮਰ ਵੀ ਏਡੀ ਵਡੀ ਹੀ ਹੋਵੇਗੀ ਤੇ ਮੈਂ ਪਤਾ ਨਹੀਂ ਕਿੰਨਾ ਕੁ ਚਿਰ ਜੀਵੰਦਾ ਹੀ ਰਹਾਂਗਾ ਤੇ ਮਾਇਕ ਸੁਖ ਪ੍ਰਾਪਤ ਕਰ ਅਨੰਦ ਭੋਗਾਂਗਾ। ਪਰ ਹਾਇ ਇਹ



www.AKJ.Org

ਤ੍ਰਿਸ਼ਨਾਲੂ ਪੁਰਸ਼ ਨੇ ਦੇਖਦਿਆਂ ਦੇਖਦਿਆਂ ਟੇਢਾ ਰਾਹ ਤੇ ਟੇਢੀਆਂ ਚਾਲਾਂ ਪਕੜ ਲਈਆਂ ਅੰਦਰੋਂ ਆਤਮਾ ਟੁੰਬਦੀ ਹੈ। ਨਾ ਵੇ ਵੀਰ ਇਹ ਤੂੰ ਕਿਹੜਾ ਰਾਹ ਫੜ ਤੁਰ ਪਿਆ ਹੈਂ। ਸਿਧਾ ਚਲ ਸੁਹਣੇ ਸੁੰਦਰ ਸ਼ਹਿਰਾਂ ਅੰਦਰ ਸੋਹਣੀਆਂ ਸੁੰਦਰ ਸੜਕਾਂ ਹੀ ਪਹੁੰਚਾਂਦੀਆਂ ਹਨ। ਪਗ-ਡੰਡੀਆਂ ਤੇ ਉਜੜੇ ਬਿਖੜੇ ਰਾਹ ਜੰਗਲੀ-ਪਹਾੜਾਂ ਪਿੰਡਾਂ ਤੇ ਟੋਇਆਂ-ਟਿਬਿਆਂ ਵਲ ਲੈ ਜਾਂਦੇ ਹਨ।

ਮੇਰੇ ਨਵ-ਜੋਬਨੀ ਵੀਰੋ, ਭੈਣੋਂ ਤੇ ਹੋਣਹਾਰ ਬੱਚਿਓ, ਮੇਰੀ ਕਲਮ ਤੁਹਾਡੀ ਸੇਵਾ ਵਿਚ ਹਾਜ਼ਰ ਹੋਈ ਹੈ। ਮੈਂ ਦੇਖਦਾ ਹਾਂ ਕਿ ਸਿਧੇ ਰਸਤੇ ਨੂੰ ਛਡ ਅੱਜ ਦੀ ਪਨੀਰੀ ਦੀ ਹਾਲਤ ਤੇ ਬਹੁਤ ਹੀ ਦਰਦਨਾਕ ਹੈ। ਦਿਲ ਕੰਬ ਉਠਦਾ ਹੈ, ਸਿਰਜਣਹਾਰ ਪ੍ਰਿਤ-ਪਾਲਣਹਾਰੇ ਕੇਸ਼ਵਾ-ਕਲੇਸ਼ ਕਟਣਹਾਰ, ਅਤਿ ਸੁੰਦਰ, ਮਨਮੋਹਨ ਪਿਆਰੇ ਨੂੰ ਬਿਲਕੁਲ ਹੀ ਕਿਉਂ ਭੁਲਦੇ ਜਾ ਰਹੇ ਹੋ ? ਨਕਲੀ ਜੀਵਨ ਦੀਆਂ ਝਲਕਾਂ ਵਿਚ ਹੀ ਨਾ ਫਸੋ, ਅਣ-ਹੋਈਆਂ ਗੱਲਾਂ ਵਿਚ ਫਸ ਕੇ ਮਨ-ਮਾਨੀਆਂ ਦਾ ਤਿਆਗ ਕਰੋ, ਸੇਵਾ ਸਿਮਰਨ ਵਲ ਰੁਚੀ ਵਧਾਉ।

ਮਨ ਦੀ ਮਤ ਤੇ ਚਲਣ ਨਾਲ ਜੇਤੂ ਬਣ ਜੀਵਨ ਦੀ ਬਾਜੀ ਨਹੀਂ ਜਿੱਤ ਸਕਦੇ ਤੁਹਾਡੇ ਜੀਵਨ ਜਿੱਤ ਦਾ ਤੇ ਬੜਾ ਮਸਲਾ ਹੈ ਜੇ ਬੱਚੇ ਦੇ ਸੰਸਾਰੀ ਪੜ੍ਹਾਈ ਦੇ ਪਰਚੇ ਅੰਦਰ ਵੀ ਪੂਰੀ ਪੂਰੀ ਮਨ ਮਰਜ਼ੀ ਤੇ ਕਿਤੇ ਰਹੀ ਪਰ ਜ਼ਰਾ ਜ਼ਰਾ ਵੀ ਜੇ ਹਰ ਪਰਚੇ ਵਿਚ ਢਿਲ ਪੈਂਦੀ ਜਾਏ। ਮਾਰਕ ਘਟਦੇ ਜਾਂਦੇ ਹਨ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ ਕਿ ਪਤਾ ਨਹੀਂ ਪਾਸ ਹੋਈਏ ਜਾਂ ਨਾਂ।

ਇਸ ਦੇ ਉਲਟ ਜਿਹੜਾ ਬਚਾ ਕੇਵਲ ਖੇਲਣ ਕੁਦਣ ਨੂੰ ਹੀ ਨਵਾਬੀ ਸਮਝ ਲਏ, ਮਨ ਵਿਚ ਵੀਚਾਰ ਹੀ ਨਾ ਕਰੇ ਮੇਰਾ ਨਤੀਜਾ ਕਿਹੋ ਜੇਹਾ ਨਿਕਲੇਗਾ ਤੇ ਉਹ ਆਪਣੇ ਹਥਾਂ ਤੇ ਆਪ ਹੀ ਕੁਹਾੜਾ ਮਾਰ ਬਹਿੰਦਾ ਹੈ। ਬਿਲਕੁਲ ਫੇਹਲ ਹੋ ਜਾਂਦਾ ਹੈ ਇਤਨਾ ਸਮਾਂ ਤੇ ਪੈਸਾ ਖ਼ਰਚ ਕਰਕੇ ਵੀ ਅਨਪੜ੍ਹ ਦੀ ਕਤਾਰ ਵਿਚ ਹੀ ਖੜਾ ਹੋ ਜਾਂਦਾ ਏ। ਚੰਗੀ ਪੜ੍ਹਾਈ ਮਨ ਕਰਕੇ ਪੜ੍ਹਨ ਨਾਲ ਖੇਲ ਕੁਦਣ ਵਲੋਂ ਮਨ ਨੂੰ ਸੰਕੋਚ ਕਰਕੇ ਰਖੀਏ ਤੇ ਉਚ ਦਰਜੇ ਦੀ ਵਿਦਿਆ ਦੀ ਪਰਾਪਤੀ ਹੋ ਜਾਂਦੀ ਹੈ।

ਇਸੇ ਤਰ੍ਹਾਂ ਗਡੀ ਚਲੌਂਦਾ ਡਰਾਈਵਰ ਜੇ ਨਸ਼ੇ ਦੀ ਮਦਹੋਸ਼ੀ ਵਿਚ ਹੋਵੇ ਜਾਂ ਆਲਸ ਕਰ ਧਿਆਨ ਬਦਲ ਲਵੇ ਤੇ ਉਹ ਵੀ ਜ਼ਿੰਦਗੀ ਤੋਂ ਹਥ ਧੋ ਬੈਠਦਾ ਹੈ। ਮਾਲ ਜਾਨ ਸਭ ਕੁਝ ਹੀ ਖਤਰੇ ਵਿਚ ਪਾ ਬੈਠਦਾ ਹੈ। ਸੋ ਲੋੜ ਹੈ ਸੂਫੀ ਹਾਲਤ ਵਿਚ ਰਹਿ ਕੇ ਆਪਣੀ ਗੱਡੀ ਦੇ ਸਟੇਰਿੰਗ ਤੇ ਪੂਰਾ ਪੂਰਾ ਕੰਟਰੋਲ ਕਰਨ ਦੀ, ਇਸ ਤਰ੍ਹਾਂ ਸਾਡੀ ਗੱਡੀ ਦਾ ਨੁਕਸਾਨ ਵੀ ਨਹੀਂ ਹੋਵੇਗਾ ਤੇ ਬਚੀ ਰਹੇਗੀ, ਮੌਤ ਆਉਣ ਤੇ ਤਾਂ ਹਰ ਪ੍ਰਾਣੀ ਹੀ ਚਲ ਬਸਦਾ ਹੈ, ਪਰ ਮੌਤ ਤੋਂ ਬਚਾਉ ਹੋ ਜਾਂਦਾ ਹੈ।

ਬਸ ਕੇਵਲ ਤੇ ਕੇਵਲ ਇਹੋ ਨਿਸਚੇ ਕਰ ਧਾਰਨ ਕਰਨਾ ਚਾਹੀਦਾ ਹੈ ਕਿ ਅਸਲ ਮੰਜ਼ਲ ਪਰਾਪਤ ਕਰਨ ਵਾਸਤੇ ਅਸੀਂ ਕੱਚੀਆਂ ਆਸਾਂ ਅਤੇ ਮਨ ਦੀਆਂ ਕੁਚਾਲਾਂ ਵਿਚੋਂ ਨਿਕਲ ਕੇ ਆਪਣੇ ਬਚਣ ਦਾ ਢੰਗ ਸੋਚੀਏ। ਜੇ ਅਸੀਂ ਇਸ ਵਡੇ ਗਾਰੇ ਵਿਚ ਧਸ ਗਏ, ਫੇਲ ਹੋ ਜਾਵਾਂਗੇ ਤੇ ਫਿਰ ਜਿਵੇਂ ਪੜ੍ਹਾਈ ਵਿਚ ਫੇਲ ਹੋਇਆ ਬੱਚਾ ਸੋਚਦਾ ਹੈ ਚੰਗਾ ਹੁੰਦਾ ਜੇ ਉਦੋਂ ਚਾਰ ਅੱਖਰ ਪੜ੍ਹ ਹੀ ਲੈਂਦਾ ਤੇ ਮਾਸਟਰਾਂ ਤੇ ਮਾਤਾ ਪਿਤਾ ਦੀਆਂ ਖੁਸ਼ੀਆਂ ਵੀ ਪ੍ਰਾਪਤ ਹੋ ਜਾਂਦੀਆਂ ਤੇ ਸੰਸਾਰਕ ਲੋਕਾਂ ਅੰਦਰ ਵੀ ਮੇਰਾ ਇਜ਼ਤ ਮਾਣ ਹੁੰਦਾ ਅਜ ਦੀ ਤਰ੍ਹਾਂ ਦਰ ਬਦਰ ਠੋਕਰਾਂ ਨਾ ਖਾਣੀਆਂ ਪੈਂਦੀਆਂ।

ਜਿਵੇਂ ਵਕਤ ਵਿਹਾਜਣ ਤੋਂ ਬਾਅਦ ਕੇਵਲ ਆਹਾਂ ਹੀ ਪਲੇ ਰਹਿ ਜਾਂਦੀਆਂ ਹਨ ਇਸ ਤਰ੍ਹਾਂ ਜੀਵਨ ਬੇਲੋੜਵਾਂ ਜੇਹਾ ਭਾਸਣ ਲਗ ਪੈਂਦਾ ਹੈ ਬਚਪਨ ਤੋਂ ਲੈ ਕੇ ਅਖ਼ੀਰ ਤਕ ਸਮਾਂ ਅਜਾਈਂ ਬਤੀਤ ਹੋ ਜਾਂਦਾ ਹੈ। (ਚਲਦਾ)



www.AKJ.Org

# ਅਜਹੁ ਸੁ ਨਾਉ ਸਮੁਦ੍ਰ ਮਹਿ.....

ਵਲੋਂ :

ਭਾਈ ਰਘਬੀਰ ਸਿੰਘ ਜੀ, ਪਟਿਆਲਾ

*

ਇਹ ਸੰਸਾਰੀ ਜੀਵਨ ਯਾਤਰਾ ਇਕ ਸਮੁੰਦਰ ਦੇ ਤੁੱਲ ਹੈ। ਜੋ ਕਿ ਬੜਾ ਹੀ ਅਸਰਾਲ ਅਤੇ ਭਿਆਨਕ ਹੈ। ਇਸ ਵਿਚ ਕਈ ਉਤਰਾਉ ਚੜ੍ਹਾਉ ਆਉਂਦੇ ਰਹਿੰਦੇ ਹਨ। ਕਦੀ ਤਾਂ ਅਜੇਹੇ ਵਹਿਣਾਂ ਵਿਚ ਵਹਿ ਜਾਈਦਾ ਹੈ ਕਿ ਇੰਝ ਮਹਿਸੂਸ ਹੋਣ ਲਗ ਜਾਂਦਾ ਹੈ ਜਿਵੇਂ ਕਿ ਬੱਸ ਇਹੀ ਮਨੁਖਾ ਦੇਹੀ ਦੀ ਪ੍ਰਾਪਤੀ ਹੋ ਜਾਣ ਨਾਲ ਹੀ ਸਾਰੇ ਛੋਹੜ ਕੱਟੇ ਗਏ ਹਨ ਅਤੇ ਇਸ ਤੋਂ ਅਗੇ ਜੀਵਨ ਵਿਚ ਕੋਈ ਘਾਲ ਘਾਲਣ ਦੀ ਜ਼ਰੂਰਤ ਨਹੀਂ। ਪਰ ਜਦ ਕਦੀ ਸੁਰਤੀ ਨੂੰ ਥੋੜਾ ਜਿਹਾ ਕਾਬੂ ਵਿਚ ਲਿਆ ਕੇ ਅੰਤਰਗਤ ਧਿਆਨ ਮਾਰੀਏ ਤਾਂ ਫਿਰ ਸਹੀ ਚਾਨਣ ਹੋ ਜਾਂਦਾ ਹੈ ਕਿ ਅਜੇ ਤਾਂ ਇਹ ਮਨੁਖਾ ਦੇਹੀ ਰੂਪੀ ਬੇੜੀ ਘੋਰ ਅਥਾਹ ਸਮੁੰਦਰ ਦੇ ਘੇਰੇ ਦੇ ਅੰਦਰ ਹੀ ਹੈ ਅਤੇ ਇਹ ਘੇਰਾ ਏਨਾ ਵਿਸ਼ਾਲ ਹੈ ਕਿ 'ਕੰਧੀ ਦਿਸ ਨਾ ਆਵਈ' ਕੋਈ ਹੱਦ ਬੰਨਾ ਨਜ਼ਰ ਹੀ ਨਹੀਂ ਆਉਂਦਾ, ਚਾਰ ਚੁਫੇਰੇ ਹੁੰਮਸ, ਧੁੰਮਸ ਦੀਆਂ ਘਟਾਂ ਛਾਈਆਂ ਹੋਈਆਂ ਹਨ।

ਜਿਹੜੇ ਜੀਵ (ਪ੍ਰਾਣੀ) ਗੁਰ ਸਰਣਾਈ ਤੋਂ ਵਾਂਝੇ ਰਹਿ ਕੇ ਸਾਰਾ ਜੀਵਨ ਵਿਹਾ ਜਾਂਦੇ ਹਨ ਉਹਨਾਂ ਵਾਸਤੇ ਇਹ ਬਿਖਮ ਮਾਰਗ ਹੋਰ ਵੀ ਬਿਖੜਾ ਹੋ ਜਾਂਦਾ ਹੈ। ਆਖ਼ਰ ਉਹਨਾਂ ਨੂੰ ਇਸ ਜਮਪੁਰੀ ਮਾਰਗ ਵਿਚੋਂ ਦੀ ਲੰਘਣਾ ਤਾਂ ਪੈਂਦਾ ਹੀ ਹੈ, ਭਾਵੇਂ ਇਸ ਤੋਂ ਪਹਿਲਾਂ ਉਹਨਾਂ ਨੂੰ ਇਸ ਦਾ ਚਿਤ ਚੇਤਾ ਵੀ ਨਹੀਂ ਸੀ। ਸੁੰਨ ਮਸੁੰਨੇ ਬਿਖੜੇ ਮਾਰਗ ਵਿਚੋਂ ਦੀ ਉਹਨਾਂ ਨੂੰ ਬਿਗਾਨਿਆਂ ਵਾਂਗ ਡਰ ਡਰਾਉਂਦਿਆਂ ਤੇ ਕੰਬਦੇ ਹੋਏ ਲਿਜਾਇਆ ਜਾਂਦਾ ਹੈ। ਜਦ ਇਸ ਜਮਪੁਰੀ ਵਿਚੋਂ ਅਜੇਹੇ ਹੀ ਹੋਰ ਅਨੇਕਾਂ ਜੀਵਾਂ ਦੀ ਹਾ ਹਾ ਕਾਰ ਮੱਚੀ ਸੁਣੀਦੀ ਹੈ ਤਾਂ ਉਹ ਵੀ ਜਮਾਂ ਦੇ ਕੋਰੜਿਆਂ ਤੋਂ ਡਰਦਾ ਹੋਇਆ ਕੂਕ ਪੁਕਾਰ ਕਰਦਾ ਹੈ, ਵਿਰਲਾਪ ਕਰਦਾ ਹੈ ਪਰ ਹੁਣ "ਅਬ ਪਛਤਾਇ ਕਿਆ ਹੋਤ, ਜਬ ਚਿੜੀਆਂ ਚੁਗ ਗਈ ਖੇਤ" ਉਨ੍ਹਾਂ ਦੀ ਇਹ ਕੂਕ ਪੁਕਾਰ ਕੌਣ ਸੁਣੇ ਜਦੋਂ ਕਿ ਉਹਨਾਂ ਨੇ ਆਪਣੀ ਗੋਵਿੰਦ ਮਿਲਣ ਵਾਲੀ ਵਾਰੀ ਵਿਚ ਉਸ ਸਾਈਂ ਨੂੰ ਸਰੇਵਿਆ ਹੀ ਨਹੀਂ ਜਿਸ ਨੇ ਕਿ ਉਥੇ ਸਹਾਈ ਹੋਣਾ ਸੀ। ਜਿਨ੍ਹਾਂ ਨੇ ਸੇਵਿਆ, ਆਪਣੀ ਵਾਰੀ ਦੀ ਸਹੀ ਪਛਾਣ ਕੀਤੀ ਤੇ ਉਸ ਪ੍ਰੀਤਮ ਦੇ ਚਰਨਾਂ ਨਾਲ ਪ੍ਰੀਤੀ ਲਾਈ, ਪੀਡੀ ਗੰਢ ਪਾ ਲਈ, ਉਹ ਜੀਵ ਬਿਨਾਂ ਕਿਸੇ ਸੰਸੇ ਸੰਕੋਚ ਤੋਂ ਅਨੰਦ ਚਿਤ ਤੇ ਗਦ ਗਦ ਕਰਦੇ ਹੋਏ ਇਹਨਾਂ ਭੀਹਾਵਲੇ ਬਨਾਂ ਨੂੰ ਉਲੰਘ ਕੇ ਸਿੱਧੇ ਸੱਚੀ ਦਰਗਾਹੇ ਜਾ ਸਿਧਾਉਂਦੇ ਹਨ। ਜਿਵੇਂ ਕਿ ਗੁਰਵਾਕ :—

ਬਾਰਿ ਵਿਡਾਨੜੈ ਹੁੰਮਸ ਧੁੰਮਸ
ਕੂਕਾ ਪਈਆ ਰਾਹੀ।
ਤਉ ਸਹ ਸੇਤੀ ਲਗੜੀ ਡੋਰੀ
ਨਾਨਕ ਅਨਦ ਸੇਤੀ ਬਨੁ ਗਾਹੀ।

ਜਿਨ੍ਹਾਂ ਨੇ ਸਮੁਚਾ ਜੀਵਨ ਰਾਹ ਨਾ ਪਕੜਿਆ, ਗੁਰ ਸਰਣਾਈ ਨਾ ਢਹੇ, ਉਸਦੇ ਭਾਣੇ ਵਿਚ ਨਾ ਆਏ, ਸਗੋਂ ਗੁਰਮਤਿ ਗਾਡੀ ਰਾਹੀ ਚਲਣਹਾਰਿਆਂ ਦੀ ਨਿੰਦਾ ਕੀਤੀ, ਮਖੌਲ ਉਡਾਏ ਉਹ ਉਹਨਾਂ (ਜਿਨ੍ਹਾਂ ਦੀ ਨਿੰਦਾ ਕੀਤੀ) ਦਾ ਤਾਂ ਕੁਝ ਖੋਹ ਨਾ ਸਕੇ ਸਗੋਂ ਆਪਣਾ ਰਸਤਾ ਬਿਖਮ ਘਣਾ ਬਣਾ ਲਿਆ। ਇਥੋਂ ਤਕ ਕਿ ਉਹਨਾਂ ਨੂੰ ਜਮਪੁਰੀ ਵਿਚ ਵੀ ਟਿਕਣਾ ਨਹੀਂ ਮਿਲਦਾ। ਉਹਨਾਂ ਨੂੰ ਜਮਾਂ ਦੇ ਧੱਕੇ ਖਾਣੇ ਪੈਂਦੇ ਹਨ, ਸਿਰ ਦੇ ਵਾਲਾਂ ਤੋਂ ਫੜ ਫੜ ਕੇ ਬਾਰ ਬਾਰ ਪਟਕਾਇਆ ਜਾਂਦਾ ਹੈ ਤਦ ਉਹ ਦੁਖਾਂ ਦੇ ਮਾਰੇ ਵਿਰਲਾਪ ਕਰਨ ਲਗਦੇ ਹਨ। ਰੋਂਦੇ *



www.AKJ.Org

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਵਲੋਂ :

ਬੇਦੀ ਹਰਪਾਲ ਸਿੰਘ ਜੀ, ਪਟਿਆਲਾ

*

ਪਰੰਪਰਾ ਤੋਂ ਸੰਸਾਰ ਦੇ ਲੋਕ ਵਿਅਕਤੀ-ਪੂਜਾ ਵਿਚ ਪ੍ਰਵਿਰਤ ਹਨ। ਸਭ ਤੋਂ ਪੁਰਾਣਾ ਸਮਾਂ ਸਾਡੇ ਪਾਸ ਵੇਦ ਕਾਲ ਦਾ ਹੈ। ਇਹਨਾਂ ਵਿਚ ਅਨੇਕ ਪ੍ਰਕਾਰ ਦੀਆਂ ਉਪਾਸ਼ਨਾਵਾਂ ਦਾ ਵਰਨਣ ਹੈ। ਗੀਤਾ ਵਿਚ ਇਹਨਾਂ ਨੂੰ "ਤ੍ਰੈਗੁਣ ਵਿਸ਼ਿਆ ਵੇਦਾ" ਕਿਹਾ ਹੈ। ਇਹਨਾਂ ਵੇਦਾਂ ਦਾ ਮਜ਼ਮੂਨ ਤਿਨਗੁਣਾਂ ਤੋਂ ਬਾਹਰ ਨਹੀਂ ਨਿਕਲਣ ਦਿੰਦਾ। ਏਸ ਪੁਰਾਤਨ ਸਮੇਂ ਤੋਂ ਹੀ ਸੰਸਾਰ ਦੇ ਲੋਕਾਂ ਵਿਚ ਜੜ ਅਤੇ ਚੇਤਨ ਦੇ ਅਨੇਕਾਂ ਹੀ ਪ੍ਰਭਾਵ ਹਨ ਜਿਨ੍ਹਾਂ ਦਾ ਵਰਨਣ ਵੇਦਾਂ ਦੀ ਭਾਸ਼ਾ ਵਿਚ ਅੰਗਰੇਜ਼ਾਂ ਅਤੇ ਹਿੰਦੀਆਂ ਨੇ ਕਰਦਿਆਂ, ਇਸ ਗਲ ਨੂੰ ਮੰਨਿਆ ਹੈ ਕਿ ਹਿੰਦੂ ਧਰਮ ਦੇ ਦੇਵਤਿਆਂ ਨੂੰ ਗਿਣਨਾ ਏਨਾ ਹੀ ਕਠਿਨ ਹੈ ਜਿਨਾਂ ਕਿ ਤਾਰਿਆਂ ਨੂੰ ਗਿਣਨਾ ਮੁਸ਼ਕਿਲ। ਮੈਕਸਮਿਊਲਰ ਤਾਂ ਕਹਿੰਦਾ ਹੈ ਤਾਰੇ ਤੇ ਰੇਤ ਕਿਣਕੇ ਗਿਣਨੇ ਤਾਂ ਸੌਖੇ ਹਨ ਪਰ ਦੇਵੀ ਦੇਵਤਿਆਂ ਦਾ ਗਿਣਨਾ ਸੰਭਵ ਨਹੀਂ। ਦੇਵਤਿਆਂ ਦੇ ਅਸਥਾਨ ਹਿੰਦੂਆਂ ਦੇ ਪੂਜਯ ਹਨ ਤੇ ਕਈ ਹਾਲਤਾਂ ਵਿਚ ਰਬ ਵਾਂਗ ਨਹੀਂ ਸਗੋਂ ਰਬ ਕਰਕੇ ਪੂਜੇ ਜਾਂਦੇ ਹਨ। ਇਹ ਪਰਭਾਵ ਕੁਝ ਹਿੰਦੂ ਸ਼ਾਖ਼ਾਂ ਵਿਚ ਭਾਵੇਂ ਮੱਧਮ ਪੈ ਗਿਆ ਹੈ ਪਰੰਤੂ ਇਸ ਅਸਰ ਤੋਂ ਹਿੰਦੂ ਸਮਾਜ ਦਾ ਖਹਿੜਾ ਛੁਟਣਾ ਨਾ ਕੇਵਲ ਔਖਾ ਹੈ ਸਗੋਂ ਬਿਲਕੁਲ ਅਣਹੋਣੀ ਤੇ ਅਸੰਭਵ ਗਲ। ਕਿਉਂਕਿ ਹਿੰਦੂ ਸਭ ਤੋਂ ਪੁਰਾਣੇ ਹਨ ਇਸ ਲਈ ਹਿੰਦੂਆਂ ਦਾ ਅਸਰ ਇਹਨਾਂ ਚੋਂ ਨਿਕਲੀਆਂ ਸ਼ਾਖ਼ਾਂ ਉਤੇ ਬਦਸਤੂਰ ਕਾਇਮ ਹੈ ਤੇ ਜੇ ਕਿਸੇ ਸੂਰਤ ਵਿਚ ਉਹ ਏਸ ਤੋਂ ਇਨਕਾਰੀ ਵੀ ਹਨ ਤਾਂ ਵੀ ਇਸ ਵਿਅਕਤੀ-ਗਤਿ ਪੂਜਾ ਜਾਂ ਬੁਤ ਪੂਜਾ ਦੇ ਅਸਰ ਜਾਂ ਪ੍ਰਭਾਵ ਸਾਰੀਆਂ ਹੀ ਨਵੀਆਂ ਕੌਮਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਵੇਖੇ ਹੀ ਜਾ ਸਕਦੇ ਹਨ।

ਬਜ਼ੁਰਗਾਂ ਦੀ ਯਾਦ ਨੂੰ ਕਾਇਮ ਰਖਣ ਜਾਂ

---

* ਕੁਰਲਾਂਦੇ ਅਤੇ ਚੀਕਾਂ ਮਾਰਦਿਆਂ ਨੂੰ ਹੀ ਫਿਰ ਘੋਰ ਨਰਕਾਂ ਵਿਚ ਸੁਟ ਦਿਤਾ ਜਾਂਦਾ ਹੈ। ਦੂਜੇ ਪਾਸੇ ਉਹ ਸੱਚਾ ਸਾਈਂ ਆਪਣੇ ਸੇਵਕਾਂ ਦੀ ਸਦਾ ਸਦਾ ਰਖਵਾਲੀ ਕਰਕੇ ਅੰਤੀ ਅਉਸਰ ਛਡਾਇ ਲੈਂਦਾ ਹੈ। ਜਿਵੇਂ ਕਿ ਗੁਰਵਾਕ :—

ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ।
ਪ੍ਰਭ ਦਾਸ ਕਾ ਦੁਖੁ ਨਾ ਖਵਿ ਸਕਹਿ ਫੜਿ ਜੋਨੀ ਜੁਤੇ।
ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ।
ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ।
ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ।

ਜੋ ਜੀਵ ਅਜੇਹੇ ਨਜ਼ਾਰੇ ਨੂੰ ਐਵੇਂ ਫਰਜ਼ੀ ਜਿਹਾ ਹੀ ਕਿਆਸ ਲੈਂਦੇ ਹਨ ਅਸਲ ਵਿਚ ਉਹਨਾਂ ਦੀ ਮੱਤ ਉਤੇ ਬਦ-ਕਿਸਮਤੀ ਦਾ ਪੜਦਾ ਪਿਆ ਹੁੰਦਾ ਹੈ। ਸਗੋਂ ਅਜੇਹੇ ਦ੍ਰਿਸ਼ ਪੜ੍ਹ ਕੇ, ਸੁਣ ਕੇ ਤੇ ਪੇਖ ਕਰ ਅਜੇਹਾ ਪ੍ਰਤੀਤ ਕਰਨਾ ਚਾਹੀਦਾ ਹੈ ਕਿ "ਅਜਹੁ ਸੁ ਨਾਉ ਸਮੁਦ੍ਰ ਮਹਿ ਕਿਆ ਜਾਨਾ ਕਿਆ ਹੋਇ।' ਅਤੇ ਇਸੇ ਦੇ ਭਾਵ ਨੂੰ ਮੁਖ ਰਖ ਕੇ ਸਮੁੰਦਰ ਦੇ ਤਰਨਹਾਰ ਬੋਹਿਥ (ਨਾਮ) ਤੇ ਸ਼ਰਧਾ ਲਿਆਉਣੀ ਚਾਹੀਦੀ ਹੈ। ਗੁਰ ਸਰਣਾਈ ਢਹਿ ਕੇ, ਸੱਚੀ ਗੁਰਮਤਿ ਹਾਸਲ ਕਰਕੇ ਇਕ ਖਿਨੁ ਵੀ ਨਾਮ ਦੇ ਅਭਿਆਸ ਤੋਂ ਵਾਂਝਾ ਨਹੀਂ ਜਾਣਾ ਚਾਹੀਦਾ ਤਾਂ ਕਿ "ਗਤਿ ਪਾਵਹਿ ਸੁਖ ਸਹਜ ਅਨੰਦਾ ਕਾਟੇ ਜਮ ਕੇ ਫਾਹਾ।" ਵਾਲੀ ਦਸ਼ਾ ਬਣ ਆਵੇ।

———



www.AKJ.Org

ਉਹਨਾਂ ਦੇ ਬੁਤ ਬਣਾਨ ਦੇ ਰਵਾਜ ਯੂਨਾਨੀਆਂ ਨੇ ਟੋਰੇ ਸਨ। ਮੁਸਲਮਾਨਾਂ 'ਚ ਭਾਵੇਂ ਵਾਦਿ-ਲਾ-ਸ਼ਰੀਕ ਨੂੰ ਪ੍ਰਮਾਣੀਕ ਮੰਨਿਆ ਗਿਆ ਹੈ ਪਰ ਉਹਨਾਂ ਨੇ ਵੀ ਬੁਤ-ਪ੍ਰਸਤਾਂ ਦੀ ਨਕਲ ਕਰਦਿਆਂ ਕਿਸੇ ਨਾ ਕਿਸੇ ਦਿਸ਼ਾ ਜਾਂ ਮੁਕਾਮ ਵਿਚ ਰਬ ਦੀ ਹੋਂਦ ਨੂੰ ਮੰਨਿਆ ਹੈ। ਬਜ਼ੁਰਗਾਂ ਦੇ ਮੀਨਾਰ, ਮਕਬਰੇ, ਛੋਟੀਆਂ (ਦੇਹੁਰੀਆਂ) ਕਬਰਾਂ ਆਦ ਬਨਾਣ ਦੇ ਰਵਾਜ ਮੁਸਲਮਾਨਾਂ ਨੇ ਅਪਨਾਏ ਹਨ ਉਹਨਾਂ ਨੇ ਆਪਣੇ ਬਜ਼ੁਰਗਾਂ, ਆਗੂਆਂ, ਪੀਰਾਂ ਜਾਂ ਫ਼ਕੀਰਾਂ ਦੀਆਂ ਕਬਰਾਂ ਉਤੇ ਦੀਵੇ ਜਗਾਣ ਦੀ ਪਰਪਾਟੀ ਗ੍ਰਹਿਣ ਕੀਤੀ।

ਏਸ ਅਸਰ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਦਿਲ ਦਿਮਾਗ਼ ਵਿਚੋਂ ਕਢਣ ਦਾ ਗੁਰੂ ਨਾਨਕ ਜੀ ਨੇ ਕਰੜਾ ਜਤਨ ਕੀਤਾ। ਬੁਤ ਪੂਜਾ ਦੀ ਮਹਤਮਾਂ ਬੁਧ ਨੇ ਵੀ ਆਪਣੇ ਜੀਵਨ ਵਿਚ ਜਿਤਨੀ ਨਿੰਦਿਆ ਕੀਤੀ ਸੀ ਉਤਨੀ ਹੀ ਢੀਠਤਾ ਨਾਲ ਬੋਧਾਂ ਨੇ ਬੁਧ ਤੋਂ ਪਿਛੇ ਪਿਛੇ ਉਸ ਦੇ ਬੁਤ ਸਥਾਪਨ ਕਰਨ ਉਤੇ ਜ਼ੋਰ ਦਿਤਾ। ਇਹ ਬੁਤ ਏਨੀ ਗਿਣਤੀ ਵਿਚ ਬਣਾ ਦਿਤੇ ਗਏ ਹਨ ਕਿ ਰਹਿੰਦੀ ਦੁਨੀਆਂ ਤਕ ਬੁਧ ਦੇ ਬੁਤਾਂ ਦਾ ਮਿਟਣਾ ਸੰਭਵ ਨਹੀਂ! ਰਬੀ ਸ਼ਕਤੀਆਂ ਅਰ ਤਾਕਤਾਂ ਦਾ ਅਨਭਵ ਕਰਨ ਦੇ ਬਾਵਜੂਦ ਦੁਨੀਆਂ ਦੇ ਆਗੂਆਂ ਨੇ ਆਪੋ ਆਪਣੇ ਵਿਧਾਨ, ਆਪੋ ਆਪਣੀ ਪੂਜਾ ਦੀ ਪ੍ਰੇਰਨਾ ਅਰ ਨਿਜੀ ਸਲਾਹੁਤਾ ਦੇ ਪ੍ਰਬੰਧ ਕੀਤੇ। ਜਿਸ ਦੀ ਗਵਾਹੀ ਸ੍ਰੀ ਦਸਮੇਸ਼ ਜੀ ਦੇ ਪਾਵਨ ਮੁਖ ਤੋਂ ਮਿਲਦੀ ਹੈ :—

'ਜਿਨਿ ਜਿਨਿ ਤਨਕ ਸਿਧਿ ਕੋ ਪਾਇਓ।
ਤਿਨਿ ਤਿਨਿ ਅਪਨੋ ਰਾਹ ਬਤਾਇਓ।'

ਗੁਰੂ ਜੀ ਨੇ ਸਾਨੂੰ ਮੁਢ ਤੋਂ ਹੀ 'ਸ਼ਬਦ' ਦੇ ਲੜ ਲਾਇਆ। ਉਹਨਾਂ ਨੇ ਸਦਾ ਗੁਰਬਾਣੀ ਦੇ ਗਾਣ ਅਤੇ ਇਸ ਦੇ ਸਨਮਾਨ ਵਿਚ ਸਿਰ ਝੁਕਾਣ ਦੀ ਪ੍ਰੇਰਨਾ ਦਿਤੀ। ਭਾਈ ਮਰਦਾਨਾ ਜਦ ਕਦੇ ਵੀ ਰੁਸਦਾ ਜਾਂ ਘਰ ਜਾਣ ਨੂੰ ਤਿਆਰ ਹੁੰਦਾ ਤਾਂ ਗੁਰੂ ਨਾਨਕ ਸਾਹਿਬ ਇਹੋ ਕਹਿੰਦੇ, 'ਮਰਦਾਨਿਆ! ਤੇਰੇ ਬਿਨਾਂ ਮੇਰੀ ਗੁਜ਼ਰ ਨਾਹੀਂ। ਤੂੰ ਬਾਣੀ ਨੂੰ ਗਾਉਂਦਾ ਹੈਂ ਤੇ ਤ੍ਰਿਪਤ ਕਰਦਾ ਹੈਂ।'

ਗੁਰਬਾਣੀ ਗਾਣ ਵਾਲੇ 'ਸਤੇ ਅਰ ਬਲਵੰਡੇ ਡੂਮਾਂ' ਦੇ ਘਰ ਗੁਰੂ ਅਰਜਨ ਦੇਵ ਜੀ ਦਾ ਟੁਰ ਕੇ ਜਾਣਾ ਦਸਦਾ ਹੈ ਕਿ ਮਹਾਰਾਜ ਦੇ ਸਮੇਂ ਤੋਂ ਹੀ ਵਿਅਕਤੀਗਤ ਪੂਜਾ ਦੀ ਮਹਾਨਤਾ ਨੂੰ ਵਿਸ਼ੇਸ਼ਤਾ ਨਹੀਂ ਦਿਤੀ ਗਈ, ਸਗੋਂ ਗੁਰੂ ਅਰਜਨ ਦੇਵ ਜੀ ਨੇ ਤਾਂ ਸੰਨ ੧੬੬੧ ਵਿਚ ਇਕ ਮੰਦਰ ਤਿਆਰ ਕਰਵਾਇਆ ਜਿਸ ਦੇ ਨਕਸ਼ੇ ਪਤਾ ਨਹੀਂ ਕਿਥੋਂ, ਕਿਵੇਂ ਤੇ ਕਿਸ ਤਰ੍ਹਾਂ ਬਣਵਾਏ? ਇਹ ਮੰਦਰ ਏਸ ਲਈ ਨਹੀਂ ਸੀ ਤਿਆਰ ਹੋਇਆ ਕਿ ਇਸ ਵਿਚ ਤਕੀਏ, ਸਰਹਾਨੇ, ਗੱਦੇ ਜਾਂ ਸਿੰਘਾਸਨ ਲਗਾ ਕੇ ਕਿਸੇ ਵਿਅਕਤੀ ਨੇ ਬੈਠਣਾ ਸੀ ਜਾਂ ਕਿਸੇ ਗੁਰੂ ਵਾਸਤੇ ਇਹ ਅਸਥਾਨ ਤਿਆਰ ਕੀਤਾ ਗਿਆ ਨਾ, ਨਾ! ਇਹ ਪਹਿਲਾ ਮੌਕਾ ਸੀ ਕਿ ਜਦੋਂ ਪੈਗੰਬਰਾਂ ਦੀ ਸਫ਼ ਵਿਚੋਂ ਨਿਤਰ ਕੇ ਕਿਸੇ ਨੇ ਗ੍ਰੰਥ ਨੂੰ ਏਨੀ ਮਹਾਨਤਾ ਦਿਤੀ ਹੋਵੇ। ਗੁਰੂ ਅਰਜਨ ਦੇਵ ਜੀ ਨੇ ਏਸ ਮੰਜੀ ਸਾਹਿਬ ਉਪਰ (ਗੁਰੂ) ਗ੍ਰੰਥ ਸਾਹਿਬ ਨੂੰ ਬਿਰਾਜਮਾਨ ਕਰਦਿਆਂ ਏਨਾਂ ਦੇ ਸਨਮਾਨ 'ਚ ਕਿਹਾ,

'ਬਾਣੀ ਗੁਰੂ ਗੁਰੂ ਹੈ ਬਾਣੀ'
'ਗੁਰਬਾਣੀ ਇਸ ਜਗ ਮਹਿ ਚਾਨਣ'
'ਇਹ ਬਾਣੀ ਮਹਾਂ ਪੁਰਖ ਦੀ
ਨਿਜ ਘਰਿ ਵਾਸਾ ਹੋਇ।'

ਫਿਰ ਫ਼ਰਮਾਇਆ:—

'ਮਤ ਸਮਝੋ ਕਿ ਇਹ ਕਿਤਾਬ, ਪੋਥੀ, ਜਾਂ ਨਿਰਾ ਕੋਈ ਗ੍ਰੰਥ ਹੀ ਹੈ, ਇਹ ਤਾਂ 'ਪੋਥੀ ਪਰਮੇਸਰ ਕਾ ਥਾਨ' ਹੈ। ਭਾਵ ਇਹ ਕਿ, (ਗੁਰਬਾਣੀ = ਗੁਰ ਸ਼ਬਦ ਘਾਲਿ) ਗ੍ਰੰਥ ਸਾਹਿਬ = ਪਰਮੇਸ਼੍ਵਰ ਦੇ ਬਰਾਬਰ ਹੈ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਇਸ ਗਲ ਦਾ ਹੋਰ ਵੀ ਨਿਰਣਾ ਹੋ ਗਿਆ ਜਦੋਂ ਕਿ ਖਾਲਸਾ ਪੰਥ ਸਾਜਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੇ ਅਰਦਲ ਵਿਚ ਪੰਜ ਪਿਆਰੇ ਗੁਰੂ ਰੂਪ ਬਣੇ। ਇਹਨਾਂ ਤੋਂ ਗੁਰੂ ਜੀ ਨੇ ਆਪ ਵੀ ਅੰਮ੍ਰਿਤ ਛਕਿਆ ਤੇ ਸਿੰਘ ਸਜੇ ਜਿਸਤੋਂ



www.AKJ.Org

ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸਮੇਂ ਵਿਚ ਵਿਅਕਤੀ ਪੂਜਾ ਦੀ ਮਹਾਨਤਾ ਨੂੰ ਇਸ ਹਦ ਤਕ ਮਿਟਾ ਦਿਤਾ ਕਿ ਖ਼ਾਲਸੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਪਕੜ ਕੇ ਘੋੜਿਓਂ ਹੇਠ ਉਤਾਰਨਾ ਅਤੇ ਡੰਡ ਲਾਉਣ ਦੀ ਸਮਰਥਾ ਪੈਦਾ ਕਰ ਦਿਤੀ ਗਈ ਜਦੋਂ ਉਹਨਾਂ ਨੇ ਤੀਰ ਦੇ ਨਾਲ ਦਾਦੂ ਦੀ ਕਬਰ ਨੂੰ ਸਲਾਮੀ ਦਿਤੀ। ਮਹਾਰਾਜ ਬੜੇ ਪ੍ਰਸੰਨ ਹੋਏ ਤੇ ਕਿਹਾ, 'ਜਾਗਤ ਜੋਤਿ ਦੇ ਪੁਜਾਰੀਆਂ ਤੋਂ ਮੈਂ ਇਹੋ ਕੁਝ ਅਨੁਭਵ ਕਰਦਾ ਸਾਂ ਜਿਸ ਦਾ ਕਿ ਅਜ ਖ਼ਾਲਸੇ ਨੇ ਸਬੂਤ ਦਿਤਾ ਹੈ।'

੧੭੦੮ ਈ: ਨੂੰ ਜੋਤੀਜੋਤਿ ਸਮਾਣ ਸਮੇਂ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਰਕਰਮਾਂ ਕਰਨ ਉਪਰੰਤ ਗੁਰਿਆਈ ਗੁਰੂ ਗ੍ਰੰਥ ਸਾਹਿਬ ਦੇ ਅਰਪਨ ਕੀਤੀ। ਜਿਵੇਂ ਗੁਰੂ ਅੰਗਦ ਸਾਹਿਬ ਗੁਰੂ ਨਾਨਕ ਦੇਵ ਜੀ ਨੂੰ ਤੇ ਗੁਰੂ ਅਮਰਦਾਸ ਗੁਰੂ ਅੰਗਦ ਸਾਹਿਬ ਨੂੰ ਇਕ ਦੂਜੇ ਮਗਰੋਂ ਗੁਰਦੇਵ ਮੰਨਦੇ ਆਏ ਤਿਵੇਂ ਅਜ ਸਰਬਤ ਸਿੱਖ ਸੰਗਤਾਂ ਦੇ ਗੁਰਦੇਵ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ। ਜੇ ਇਹਨਾਂ ਪੰਥਕ ਰਵਾਇਤਾਂ, ਹਕੀਕਤਾਂ ਅਰ ਇਤਿਹਾਸਕ ਸਚਿਆਈਆਂ ਨੂੰ ਉਲੰਘ ਕੇ ਕੋਈ ਵੀ ਵਿਅਕਤੀ ਧੋਖਾ ਦੇ ਕੇ ਗੁਰੂ ਬਣਨ ਦੇ ਸ਼ੌਕ ਨੂੰ ਪੂਰਾ ਕਰਨ ਦਾ ਚਾਹਵਾਨ ਹੈ ਤਾਂ ਉਹ ਦੰਭੀ, ਪਖੰਡੀ, ਮੀਸਣਾ, ਮਸੰਦ ਤਾਂ ਹੋ ਸਕਦਾ ਹੈ ਗੁਰੂ ਨਹੀਂ ਹੋ ਸਕਦਾ। ਗੁਰੂ ਤਾਂ ਇਕ ਬੰਨੇ ਰਿਹਾ ਉਹ ਨੀਚ-ਆਤਮਾ ਸਿਖੀ ਭਾਵ ਨੂੰ ਵੀ ਸਮਝਣ ਤੋਂ ਕਸਰਵੰਦਾ ਹੈ। ਜੇ ਕਿਸੇ ਸਿਖ ਵਿਅਕਤੀ, ਸਾਧ, ਗਿਆਨੀ, ਦੰਭੀ ਨੂੰ ਕੋਈ ਗੁਰੂ ਮੰਨਦਾ ਹੈ। ਇਸ ਲਈ ਕਿਸੇ ਵੀ ਪਾਖੰਡੀ ਜਾਂ ਮਨਮਤੀਏ ਨੂੰ ਇਹ ਹੀਆ ਨਹੀਂ ਪੈ ਸਕਦਾ ਜੋ ਇਹ ਕਹੇ ਕਿ ਗੁਰੂ ਗ੍ਰੰਥ ਸਾਹਿਬ ਗੁਰੂ ਨਹੀਂ ਕਹਿਲਾ ਸਕਦੇ ਜਾਂ ਸਿਖ (ਦੇਹਧਾਰੀ) ਗੁਰੂ ਤੋਂ ਵਾਂਝੇ ਹਨ।

ਆਓ ਜਿਸ ਮਹਾਨ ਚਾਨਣ ਦੇ ਸਨਮਾਨ ਵਿਚ ਗੁਰੂਆਂ ਨੇ ਸ੍ਵੈਯ ਸੀਸ ਝੁਕਾਏ ਅਸੀਂ ਓਸ ਜੁਗੋ-ਜੁਗ ਅਟਲ ਪ੍ਰਤਾਪੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਸਮਝੀਏ ਤੇ ਕਿਸੇ ਵੀ ਦੰਭ ਜਾਂ ਕੁਕਰਮ ਵਿਚ ਫਸ ਕੇ 'ਖਸਮ ਨੂੰ ਛਡਿ ਦੂਜਿਆਂ ਨਾਲ ਯਾਰੀ ਗੰਢਣ ਵਾਲੀ ਵਿਭਚਾਰਨ ਤੇ ਕੁਕਰਮਣ ਇਸਤ੍ਰੀ ਵਾਂਗ ਆਪਣਾ ਲੋਕ ਪਰਲੋਕ ਨਾਂ ਗਵਾਈਏ ਕਿਉਂ ਜੋ ਗੁਰਮਤਿ ਦੇ ਸਿਧਾਂਤ ਵਿਚ ਬੁਤ-ਪੂਜਾ, ਜਾਂ ਮਨੁਖ-ਪੂਜਾ ਲਈ ਕੋਈ ਅਸਥਾਨ ਨਹੀਂ, ਇਥੇ ਤਾਂ ਪਰਚਾ ਸ਼ਬਦ ਦਾ ਅਤੇ ਪੂਜਾ ਅਕਾਲ ਦੀ ਔਰ ਦੀਦਾਰ ਖ਼ਾਲਸੇ ਦਾ ਹੀ ਵਰਨਣ ਹੈ।

——

## ਸ਼ਿਮਲਾ ਵਿਖੇ ਲੜੀ-ਵਾਰ ਅਖੰਡ ਕੀਰਤਨ ਦੀਆਂ ਝੜੀਆਂ

1. ਹਰ ਵੀਰਵਾਰ ਨੂੰ ਅੰਮ੍ਰਿਤ ਵੇਲੇ 5 ਤੋਂ $8\frac{1}{4}$ ਵਜੇ ਤਕ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ
2. ਹਰ ਐਤਵਾਰ ਨੂੰ ਸ਼ਾਮ $4\frac{1}{2}$ ਤੋਂ 7 ਵਜੇ ਤਕ ਵਾਰੀ ਵਾਰੀ ਗੁਰਮੁਖ ਪਿਆਰਿਆਂ ਦੇ ਬੰਗੇ ਤੇ।
3. ਹਰ ਮਹੀਨੇ ਰੈਣਸਬਾਈ ਅਖੰਡ ਕੀਰਤਨ, ਜਿਸ ਜਗ੍ਹਾ ਜਥੇ ਵਲੋਂ ਨੀਯਤ ਹੋਵੇ।
4. ਇਸ ਪਰੋਗਰਾਮ ਵਿਚ ਸਤਿਗੁਰੂ ਜੀ ਦੇ ਢਾਡੀ ਭਾਈ ਸਾਹਿਬ ਦੀਦਾਰ ਸਿੰਘ ਜੀ, ਭਾਈ ਸਾਹਿਬ ਜਗਤ ਸਿੰਘ ਜੀ, ਕਾਕਾ ਹਰਭਜਨ ਸਿੰਘ ਜੀ ਤੇ ਵੀਰ ਸੁਰਿੰਦਰ ਸਿੰਘ ਜੀ ਅਖੰਡ ਕੀਰਤਨ ਦੇ ਲਾਹੇ ਬਖ਼ਸ਼ਦੇ ਹਨ।
5. ਪਰੋਗਰਾਮ ਦਾ ਵੇਰਵੇ ਸਹਿਤ ਪਤਾ ਖਾਲਸਾ ਬੂਟ ਹਾਊਸ, ਸ਼ਿਮਲਾ ਤੋਂ ਕੀਤਾ ਜਾ ਸਕਦਾ ਹੈ।

ਗੁਰੂ ਸੰਗਤ ਦਾ ਚਰਨ ਸੇਵਕ—ਇੰਦਰ ਸਿੰਘ ਸਚਦੇਵ



www.AKJ.Org

# ਭਾਈ ਲਾਲ ਸਿੰਘ ਸਰਬਲੋਹੀ (ਧਾਂਦਰਾ)

ਵਲੋਂ :
ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

*

ਜਥੇ ਦੀਆਂ ਕੀਰਤਨੀ ਵਿਅਕਤੀਆਂ ਵਿਚੋਂ ਅਖੰਡ ਕੀਰਤਨ ਦੀ ਆਉਧੀ ਵਾਲੀ ਇਕ ਵਿਅਕਤੀ ਇਹ ਸ੍ਰੀ ਭਾਈ ਲਾਲ ਸਿੰਘ ਜੀ ਦੀ ਹਸਤੀ ਸੀ, ਕੀਰਤਨ ਕਰਦੇ ਹੋਏ ਮਹੀਨ ਸੁਰ ਦੀਆਂ ਅਖੰਡ ਧੁਨੀਆਂ ਇਸ ਵੀਰ ਦੇ ਮੁਖਾਰਬਿੰਦ ਤੋਂ ਜਦੋਂ ਨਿਕਲਦੀਆਂ ਸਨ, ਦਿਲ ਚੀਰਵੀਆਂ ਨਿਕਲਦੀਆਂ ਸਨ। ਮਹੀਨ ਤੋਂ ਮਹੀਨ ਸੁਰ ਸਪਸ਼ਟ ਅਵਾਜਿਆਂ ਵਿਚ ਸਾਰੀ ਸੰਗਤ ਨੂੰ ਨਿਖਰਵੀਂ ਤੇ ਨਿਰਾਲੀ ਸੁਣਾਈ ਦੇਂਦੀ ਸੀ। ਐਸੇ ਵਜਦ ਵਿਚ ਕੀਰਤਨ ਕਰਨਾ ਕਿ ਸਰੋਤਿਆਂ ਦੇ ਦਿਲ ਹਿਲਾ ਦੇਣੇ, ਅਥੱਕ ਕੀਰਤਨ ਦੇ ਧਨੀ ਸਨ। ਕੀਰਤਨ ਕਰਦੇ ਕਰਦੇ ਰੱਜਣਾ ਨਾ, ਨਾ ਸਰੋਤਿਆਂ ਨੇ ਰੱਜਣਾ, ਸਾਰੀ ੨ ਰਾਤ ਲਗਾਤਾਰ ਕੀਰਤਨ ਕਰਨ ਵਾਲਿਆਂ ਵਿਰਲੇ ਜਨਾਂ ਵਿਚੋਂ ਇਹ ਪਰੇਮ ਮੂਰਤੀ ਇਕ ਵਿਰਲੀ ਸੀ ਜਿਸ ਨੇ ਪੂਰਨ ਸਾਵਧਾਨਤਾ ਵਿਚ ਕੀਰਤਨ ਸਦਾ ਕਰਨਾ। ਤਾਊਸ (ਮੋਰ) ਦਾ ਸਾਜ ਵਜਾਉਣ ਵਿਚ ਵੀ ਪਰਬੀਨ ਸਨ। ਇਸ ਕਰਕੇ ਇਹਨਾਂ ਦਾ ਨਾਮ 'ਮੋਰ ਵਾਲਾ ਭਾਈ ਲਾਲ ਸਿੰਘ ਕੀਰਤਨੀਆਂ' ਪਿਆ ਹੋਇਆ ਸੀ, ਹਾਰਮੋਨੀਅਮ ਵਾਜਾ ਇਹਨਾਂ ਦੇ ਹਥਾਂ ਵਿਚ ਆਇਆ ਆਪ ਮੁਹਾਰੀਆਂ ਸੁਰ ਤਰੰਗਾਂ ਕਢ ਕਢ ਕੇ ਵਜਾਉਣਹਾਰੇ ਵੀਰ ਲਾਲ ਸਿੰਘ ਨੂੰ ਹਾਰਮੋਨੀਅਮ ਰੂਪ ਹੀ ਕਰ ਲੈਂਦਾ ਸੀ। ਮਸਤੁਲ-ਮਸਤ ਹੋ ਕੇ ਕੀਰਤਨ ਕਰਦਿਆਂ ਹੋਇਆਂ ਭਾਈ ਲਾਲ ਸਿੰਘ ਜੀ ਨੇ ਲਿੱਫ ਲਿੱਫ ਕੇ ਵਾਜੇ ਉਤੇ ਮੇਹਲਣਾ। ਕੁਦਰਤੀ ਇਹਨਾਂ ਦੀ ਅਵਾਜ਼ ਵੀ ਮਹੀਨ ਹੀ ਸੀ ਪਰ ਰੰਗਾਂ ਵਿਚ ਆ ਕੇ ਇਹਨਾਂ ਦੀ ਇਸ ਅਵਾਜ਼ ਮਹੀਨਤਾ ਦੀ ਪ੍ਰਬੀਨਤਾ ਹੋਰ ਵੀ ਵਧੇਰੀ ਹੋ ਜਾਣੀ, ਕੀਰਤਨ ਕਰਦਿਆਂ ਹੋਇਆਂ ਬਾਣੀ ਦੇ ਭਾਵ ਨੂੰ ਖੂਬ ਸਮਝਣਾ ਤੇ ਸਮਝ ਸਮਝ ਕੇ ਉਪਰ ਨੂੰ ਚੜ੍ਹਨਾ ਤੇ ਚੜ੍ਹਦੇ ਹੀ ਜਾਣਾ। ਆਪ ਜਦੋਂ ਵੀ ਸ਼ਬਦ ਲੈਂਦੇ ਸਨ ਨਿਰੇ ਵੈਰਾਗ-ਮਈ ਹੀ ਸ਼ਬਦ ਲੈਂਦੇ ਸਨ ਤੇ ਪਰੇਮ ਵੈਰਾਗ ਵਿਚ ਭਿਜ ਭਿਜ ਕੇ ਐਸਾ ਵੈਰਾਗ ਭਰਿਆ ਕੀਰਤਨ ਕਰਨਾ ਕਿ ਇਹਨਾਂ ਦੀਆਂ ਆਪਣੀਆਂ ਅਖੜੀਆਂ ਭੀ ਨੀਰੋ ਨੀਰ ਹੋ ਕੇ ਵੈਰਾਗ ਨਾਲ ਵਹਿ ਤੁਰਨੀਆਂ। ਇਹ ਵੀਰ ਲਾਲ ਸਿੰਘ ਪਿੰਡ ਧਾਂਦਰਾ ਜ਼ਿਲਾ ਲੁਧਿਆਣਾ ਦੇ ਨਿਵਾਸੀ ਸਨ, ਇਹਨਾਂ ਦਾ ਪਿਛਾ ਰਹਿਤੀਆਂ ਸਿੰਘਾਂ ਦੀ ਪੁਰਾਤਨ ਸ਼ਰੇਣੀ ਵਿਚੋਂ ਸੀ। ਅੰਮ੍ਰਿਤ ਛਕਣ ਸਾਰ ਹੀ ਆਪਣੀ ਸਿੰਘਣੀ ਸਮੇਤ ਪਕੇ ਬਬੇਕੀ ਸਰਬ ਲੋਹੀਏ ਸਿੰਘ ਸਜ ਗਏ। ਸਮੂੰਹ ਜਥੇ ਨੇ ਇਹਨਾਂ ਦੀ ਨਗਰੀ ਵਿਚ ਜਾ ਕੇ ਹੀ ਅੰਮ੍ਰਿਤ ਛਕਾਇਆ ਤੇ ਅਭੇਦ ਕਰ ਲੀਤਾ। ਸਾਰੀ ਪੁਰਾਣੀ ਬਰਾਦਰੀ ਵਿਚੋਂ ਨਿਖੜ ਕੇ ਇਹ ਜੋੜੀ ਨਿਰੋਲ ਅਟੰਕ ਹੋ ਗਈ। ਬਰਾਦਰੀ ਵਿਚੇ ਹੀ ਰਹਿ ਕੇ ਸਭ ਸੰਸਾਰੀਆਂ ਦੇ ਸੰਸਾਰੀ ਸੰਸਕਾਰਾਂ ਤੋਂ ਸਦਾ ਹੀ ਨਿਰਲੇਪ ਰਹੇ। ਇਹਨਾਂ ਦੇ ਨਾਲ ਉਹਨਾਂ ਨੂੰ ਅੰਮ੍ਰਿਤ ਛਕਾਇਆ ਗਿਆ ਜਿਨ੍ਹਾਂ ਨੇ ਸਿਰ ਤਲੀ ਤੇ ਰਖ ਕੇ ਗੁਰਮਤਿ ਰਹਿਣੀ ਬਹਿਣੀ ਦੀ ਤਿਖੀ ਖੰਡੇਧਾਰ ਉਪਰ ਚਲਣਾ ਕਬੂਲ ਕੀਤਾ। ਸਾਰਾ ਧਾਂਦਰਾ ਪਿੰਡ ਇਹਨਾਂ ਦੇ ਅੰਮ੍ਰਿਤ ਸਮਾਗਮ ਤੇ ਢੁਕੋ ਢੁਕ ਇਕੱਠਾ ਹੋ ਗਿਆ। ਪਰ ਇਹਨਾਂ ਦੇ ਨਾਲ ਇਕੋ ਅੰਮ੍ਰਿਤ ਦੇ ਬਾਟੇ ਵਿਚ ਅੰਮ੍ਰਿਤ॰ ਛਕਣ ਲਈ ਇਹਨਾਂ ਦਾ ਸੁਨਹਿਰੀਆ ਸਿੰਘ ਵੀਰ ਸਜਣ ਲਈ ਕਿਸੇ ਦੀ ਹਿੰਮਤ ਨਾ ਪਈ, ਨ ਹੀ ਕੋਈ ਇਨ੍ਹਾਂ ਵਾਲੀ ਕਸੌਟੀ ਤੇ ਚੜ੍ਹਿਆ, ਲਾਂਭੇ ਚਾਂਭੇ ਦੇ ਨੇੜੇ ਤੇੜੇ ਪਿੰਡਾਂ ਤੋਂ ਹੋਰ ਭੀ ਬਹੁਤ ਸਾਰੀਆਂ ਸੰਗਤਾਂ ਉਮਡ ਉਮਡ ਕੇ ਆਈਆਂ ਤੇ ਕੀਰਤਨ ਕਰਦੀਆਂ



www.AKJ.Org

ਆਈਆਂ। ਜਥੇ ਦੀ ਦਰਿਆ ਦਿਲੀ ਦੀਆਂ ਧਾਕਾਂ ਤਾਂ ਅਗੇ ਹੀ ਪਈਆਂ ਹੋਈਆਂ ਸਨ ਇਸ ਸਮੇਂ ਤਾਂ ਖਾਸ ਅਤੁਟ ਦੇਗਾਂ ਚਲੀਆਂ ਮਹਾਂ ਪ੍ਰਸ਼ਾਦਿ (ਕੜਾਹ ਪਰਸ਼ਾਦਿ) ਦੀ ਦੇਗ ਵੀ ਬੜੀ ਅਤੁਟ ਸੀ ਸਿਰੀ ਭਾਈ ਲਾਲ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਅਤੇ ਅਭੇਦ ਕਰ ਕੇ ਏਨ੍ਹਾਂ ਦੇ ਹਥੋਂ ਹੀ ਕੜਾਹ ਪ੍ਰਸ਼ਾਦਿ ਦੀ ਦੇਗ ਦੇ ਛਾਂਦੇ ਵਰਤਾਏ ਗਏ। ਇਸਬਿਧ ਅਭੇਦ ਵਰਤਾਰਾ ਵਰਤਾਯਾ ਗਿਆ ਆਈਆਂ ਸੰਗਤਾਂ ਦੇ ਸਮੂਹ ਦੇ ਇਕ ਵਰਤਾਰੇ ਨਾਲ ਵਰੋਸਾਇ ਗਏ। ਹਿੰਦਵੈਣ ਦੀ ਹਰੇਕ ਊਚ ਨੀਚ ਸ਼ਰੇਣੀ ਨੇ ਇਹ ਛਾਂਦੇ ਪ੍ਰਸੰਨ ਹੋ ਕੇ ਛਕੇ। ਅਣਗਿਣਤ ਆਈ ਲੁਕਾਈ ਉਦਾਲੇ-ਪੁਦਾਲੇ ਦੇ ਸਾਰੇ ਪਿੰਡਾਂ ਦੀ ਖੂਬ ਰਜ ਰਜ ਕੇ ਗਈ। ਪਰੰਤੂ ਲੰਗਰ ਦੀਆਂ ਦੇਗਾਂ ਛਕਣ ਲਈ ਵਿਰਲੇ ਵਿਰਲੇ ਹੀ ਮਾਈ ਦੇ ਲਾਲ ਨਿਤਰੇ। ਪਿੰਡ ਫੁਲਾਂਵਾਲ ਦਾ ਇਕ ਸਿੰਘ ਬਜ਼ੁਰਗ ਭਾਈ ਨੰਦ ਸਿੰਘ ਨਾਮੇ ਸੀ, ਉਸ ਦੀ ਅਸੀਂ ਵਖਰੀ ਪੰਗਤ ਹੀ ਨਾਲ ਹੀ ਲਾ ਦਿਤੀ, ਜਿਸ ਦਾ ਕਾਰਨ ਇਹ ਸੀ, ਕਿ ਇਹ ਸਿੰਘ ਸੂਰਬੀਰ ਰੱਜਣ ਵਿਚ ਕਦੇ ਨਹੀਂ ਆਇਆ ਸੀ, ਜਦ ਸਾਰੀ ਸੰਗਤ ਪੰਗਤ ਵਿਚ ਬਿਠਾ ਦਿੰਦੇ ਤਾਂ ਵਿਚਾਰਾ ਭੁਖਾ ਹੀ ਉਠਦਾ। ਵਖਰੇ ਬੈਠਣ ਸਾਰ ਹੀ ਹੱਸ ਕੇ ਕਹਿਣ ਲਗਾ, 'ਇਹ ਤੁਸੀਂ ਖੂਬ ਬੁਝੀ; ਪਰ ਅਜ ਮੈਂ ਨਿਰੋਲ ਕੜਾਹ ਪ੍ਰਸ਼ਾਦ ਦੇ ਗੱਫਿਆਂ ਨਾਲ ਹੀ ਰੱਜਣਾ ਹੈ, ਵੇਖਾਂਗਾ ਮੈਨੂੰ ਰਜਾਂਦੇ ਹੋ ਕਿ ਨਹੀਂ।' ਕੜਾਹ ਪ੍ਰਸ਼ਾਦ ਦੀ ਦੇਗ ਵੀ ਅਤੁਟ ਸੀ, ਖੂਬ ਉਛਲਵੇਂ ਉਂਜਲ ਭਰ ਭਰ ਕੇ ਸ੍ਰੀ ਭਾਈ ਨੰਦ ਸਿੰਘ ਜੀ ਨੂੰ ਕੜਾਹ ਪ੍ਰਸ਼ਾਦ ਛਕਾਇਆ, ਉਹ ਵੀ ਗੋਲੇ ਵੱਟ ਵੱਟ ਅੰਦਰ ਸੁਟੀ ਜਾਣ ਤੇ ਵਰਤਾਉਣ ਹਾਰਾ ਸਿੰਘ ਵੀ ਪਿਨੇ ਵੱਟ ਵੱਟ ਕੇ ਉਹਨਾਂ ਦੇ ਅਗੇ ਧਰੇ ਬਾਟੇ ਵਿਚ ਸੁਟੀ ਜਾਵੇ। ਭਾਈ ਨੰਦ ਸਿੰਘ ਜੀ ਖੂਬ ਪ੍ਰਸੰਨ ਚਿਤ ਹੋ ਕੇ ਛਕੀ ਜਾਣ, ਮਸਤੀ ਦੀ ਖੁਮਾਰੀ ਵਿਚ ਅਖੀਆਂ ਨੂਟੀਆਂ ਹੋਈਆਂ ਪਤਾ ਨਹੀਂ ਕਿੰਨੇ ਬਾਟੇ ਪੰਚਾ ਅੰਮ੍ਰਿਤ (ਕੜਾਹ ਪ੍ਰਸ਼ਾਦਿ) ਨਾਲ ਭਰੇ ਹੋਏ ਸਮੇਟ ਗਏ। ਛਕਾਉਣ ਵਾਲਿਆਂ ਦਾ ਅਨੁਮਾਨ ਹੈ ਕਿ ਘਟੋ ਘਟ ਧੜੀ ਪੱਕਾ (ਦਸ ਸੇਰ) ਕੜਾਹ ਪ੍ਰਸ਼ਾਦਿ ਭਾਈ ਨੰਦ ਸਿੰਘ ਜੀ ਛਕ ਗਏ ਹੋਣਗੇ। ਜਦੋਂ ਉਹਨਾਂ ਨੇ ਹਥ ਜੋੜ ਕੇ ਨਾਂਹ ਕੀਤੀ, ਤਦੋਂ ਹੀ ਛਕਾਉਣਹਾਰੇ ਹੋਰ ਛਾਂਦਾ ਪਾਣੋਂ ਹਟੇ। ਦਾਸ ਨੂੰ ਯਾਦ ਹੈ ਕਿ ਚੋਜ ਬਿਨੋਦੀ ਭਾਈ ਨੰਦ ਸਿੰਘ ਜੀ ਨੇ ਬੜੀਆਂ ਹੀ ਅਸੀਸਾਂ ਇਸ ਪ੍ਰਸੰਨਤਾਈ ਵਿਚ ਦਿਤੀਆਂ। ਦਾਸ ਨੂੰ ਸਨਮੁਖ ਹੋ ਕੇ ਹਸੂੰ ਹਸੂੰ ਕਰਦੇ ਮੁਖੜੇ ਨਾਲ ਇਉਂ ਉਚਾਰਣ ਕਰਨ ਲਗੇ 'ਭਾਈ ਰਣਧੀਰ ਸਿੰਘਾ ਅਜ ਮੈਨੂੰ ਕੜਾਹ ਪ੍ਰਸ਼ਾਦਿ ਛਕ ਕੇ ਪੂਰਾ ਪੂਰਾ ਰਜ ਆਇਆ ਹੈ। ਮੈਨੂੰ ਅਜ ਤਾਈਂ ਕਿਸੇ ਨੇ ਨਹੀਂ ਰਜਾਇਆ, ਕੇਵਲ ਇਸ ਭਾਗੀਂ ਭਰੇ ਜਥੇ ਨੇ ਹੀ ਰਜਾਇਆ ਹੈ। ਸਤਿਗੁਰੂ ਦੇਗ ਤੇਗ ਫ਼ਤਿਹ ਸਦਾ ਹੀ ਰਖੇ', ਫੇਰ ਖੜੇ ਹੋ ਕੇ ਖਬੇ ਹਥ ਨਾਲ ਭਰਪੂਰ ਹੋਏ ਢਿਡ ਨੂੰ ਪਲੋਸਦੇ ਹੋਏ ਅਤੇ ਸਜੇ ਹੱਥ ਵਿਚ ਤੀਰ ਉਲਾਰ ਕੇ ਸਾਰੀਆਂ ਦੂਰ ਬੈਠੀਆਂ ਸੰਗਤਾਂ ਸਾਹਵੇਂ ਵੰਗਾਰ ਵੰਗਾਰ ਕੇ ਪੁਕਾਰਨ ਲਗੇ, 'ਖੁਆਰ ਹੋਏ ਸਭ ਮਿਲੇਂਗੀ ਸਭ ਲੱਲੀ ਛੱਲੀ' ਇਹ ਉਹ ਸਮਾਂ ਸੀ ਜਦੋਂ ਅਜੇ ਆਮ ਅਭੇਦਤਾਈ ਨਹੀਂ ਹੋਣ ਲਗੀ ਸੀ। ਸ੍ਰੀ ਭਾਈ ਲਾਲ ਸਿੰਘ ਜੀ ਨੂੰ ਸਮੇਤ ਉਹਨਾਂ ਦੀ ਦਸਤਾਰ ਸਜੀ ਸੁਚੱਜੀ ਸੁਪਤਨੀ ਦੇ ਅਭੇਦ ਕਰ ਕੇ ਅਤੇ ਅਭੇਦ ਵਰਤਾ ਕੇ ਜਥੇ ਨੇ ਉਥੋਂ ਵਹੀਰਾਂ ਵਾਪਸ ਘਤੀਆਂ, ਇਹ ਲਾਲਾਂ ਦੀ ਜੋੜੀ ਸਿਖੀ ਸਿਦਕ ਭਰੋਸੇ ਵਿਚ ਐਸੀ ਦ੍ਰਿੜ ਰਹੀ ਕਿ ਸਾਰੀ ਉਮਰ ਕਾਇਮ ਦਾਇਮ ਹੋ ਕੇ ਸਿਖੀ ਕੇਸਾਂ ਸਵਾਸਾਂ ਤਕ ਨਿਬਾਹੀ। ਭਾਈ ਲਾਲ ਸਿੰਘ ਜੀ ਦੀ ਦੇਹੀ ਸਰੀਰ ਕਰ ਕੇ ਬੜੀ ਹਲਕੀ ਫੁਲਕੀ ਦੁਬਲੀ ਪਤਲੀ ਸੀ ਪਰ ਸੂਰਬੀਰਤਾ ਦਾ ਜੁਸਾ ਉਹਨਾਂ ਦੀ ਰਗੋ ਰੇਸ਼ੇ ਵਿਚ ਐਸਾ ਭਰਿਆ ਹੋਇਆ ਸੀ ਕਿ ਜਿਥੇ ਵੀ ਪਰਉਪਕਾਰ ਮਈ ਬੀਰਤਾ ਦਾ ਦੰਗਲ ਬੱਝਣਾ ਤਿਥੇ ਤਿਥੇ ਇਸ ਵੀਰ ਨੇ ਸ਼ੇਰ ਬਬਰ ਵਾਂਗੂ ਮੂਹਰਲੇ ਮੋਹਰੇ ਤੇ ਗਜਣਾ। ਇਕ ਮਿਸਾਲ ਕਾਫ਼ੀ ਹੈ। ਜਦੋਂ ਭਾਣੇ ਅੰਦਰ ਅਸੀਂ ਜਥੇ ਸਮੇਤ ਨਜ਼ਰਬੰਦ ਹੋ ਕੇ ਲੁਧਿਆਣੇ ਜੇਹਲ ਵਿਚ ਜਾ ਬਿਰਾਜੇ, ਓਦੋਂ ਇਹ ਵੀਰ ਕਿਸੇ ਗੁਪਤ-ਮੰਡਲ ਵਿਚ ਹੀ ਬਿਚਰ ਰਹੇ ਸਨ, ਇਹਨਾਂ ਨੂੰ ਜਥੇ ਦੇ ਵੀਰਾਂ ਦੀ ਗ੍ਰਿਫ਼ਤਾਰੀ



www.AKJ.Org

ਦਾ ਪਤਾ ਹੀ ਨਹੀਂ ਲਗਣਾ ਪਾਇਆ ਸੀ, ਜਦੋਂ ਪਤਾ ਲਗਾ ਤਾਂ ਲੂਹਰੀਆਂ ਲੈਣ ਕਿ ਯਾ ਤਾਂ ਖੁਦ ਅੰਦਰ ਜੇਲ ਦੇ ਜਾ ਵਜੀਏ ਯਾ ਪੁਰਾਤਨ ਸਿੰਘਾਂ ਵਾਂਗੂ ਜੇਲ ਤੇ ਧਾਵਾ ਕਰਕੇ ਜਾ ਗਜੀਏ ਤੇ ਸਾਰੇ ਵੀਰਾਂ ਨੂੰ ਜੇਲੋਂ ਬਾਹਰ ਕਢ ਲਿਆਈਏ। ਗੋਰਾਸ਼ਾਹੀ ਦੀ ਉਸ ਸਮੇਂ ਦੀ ਪੁਲਸ ਅਤੇ ਮਨ ਖੁਟ ਪੁਲਸ ਅਫੀਸਰ ਸਾਡਾ ਜੇਲ ਅੰਦਰ ਭੀ ਬੜਾ ਹੀ ਪਹਿਰਾ ਰਖਦੇ ਸਨ। ਮੁਕੱਦਮਾ ਚਲਾਉਣ ਲਈ ਸਬੂਤਾਂ ਦੇ ਬਾਨਣੂ ਬੰਨ੍ਹਦੇ ਫਿਰਦੇ ਸਨ। ਨਿਤ ਨਵਾਂ ਰੀਮਾਂਡ ਲੈਂਦੇ ਸਨ, ਇਉਂ ਹੀ ਨਜ਼ਰਬੰਦੀ ਦੀ ਮਿਆਦ ਵਧਾਈ ਜਾਂਦੇ ਸਨ ਤੇ ਵਕਤ ਟਪਾਈ ਜਾਂਦੇ ਸਨ। ਇਕ ਨਹੀਂ ਕਈ ਕਈ ਰੀਮਾਂਡਾਂ ਦੀਆਂ ਕਿਸ਼ਤਾਂ ਹੋਈਆਂ ਤੇ ਮਹੀਨਿਆਂ ਬਧੀ ਨਜ਼ਰਬੰਦ ਸਿਖਾਂ ਦੀਆਂ ਫੌਜਾਂ ਜੇਹਲ ਵਿਚ ਹੀ ਬੰਦ ਰਹੀਆਂ। ਅਤੇ ਰੀਮਾਂਡ ਸੁਣਨ ਲਗਿਆਂ ਅਦਾਲਤ ਦਾ ਕਾਨੂੰਨੀ ਫਰਜ਼ ਇਹ ਹੁੰਦਾ ਸੀ ਕਿ ਕਸੂਰਵਾਰਾਂ ਨੂੰ ਅਦਾਲਤ ਵਿਚ ਬੁਲਾ ਕੇ ਰੀਮਾਂਡ ਸੁਣਾਇਆ ਜਾਂਦਾ ਸੀ। ਸਾਡੇ ਬਾਰੇ ਗੋਰਾ ਸ਼ਾਹੀ ਅਦਾਲਤਾਂ ਨੇ ਇਸ ਕਾਨੂੰਨ ਦੀ ਰੰਚਕ ਪਰਵਾਹ ਨਹੀਂ ਕੀਤੀ ਤੇ ਬੇਕਾਨੂੰਨੀਆਂ ਹੀ ਵਰਤੀਆਂ। ਅਦਾਲਤ ਵਿਚੋਂ ਹੀ ਲਿਖਿਆ ਲਿਖਾਇਆ ਹੁਕਮ ਪਠਾ ਕੇ ਸਾਨੂੰ ਜੇਹਲਾਂ ਵਿਚ ਬੈਠਿਆਂ ਨੂੰ ਹੀ ਰੀਮਾਂਡ ਸੁਣਾਇਆ ਜਾਂਦਾ ਸੀ ਤੇ ਅਗਲੀ ਪੇਸ਼ੀ ਦੀ ਤਾਰੀਖ ਦਿਤੀ ਜਾਂਦੀ ਸੀ।

ਇਕ ਵਾਰ ਦਾ ਜ਼ਿਕਰ ਹੈ ਕਿ ਜੇਹਲ ਵਾਲਿਆਂ ਕਲਰਕਾਂ ਦੀ ਗਲਤੀ ਨਾਲ ਯਾ ਨਵੇਂ ਅਦਾਲਤੀ ਅਫ਼ਸਰਾਂ ਦੀ ਨਾਵਾਕਫੀ ਨਾਲ ਸਾਨੂੰ ਅਦਾਲਤ ਵਿਚ ਹੀ ਬੁਲਾ ਲੀਤਾ ਗਿਆ। ੨੦ ਸਿੰਘਾਂ ਦਾ ਜਥਾ ਹੱਥਕੜੀਆਂ ਨਾਲ ਸਜਿਆ ਧਜਿਆ ਜੇਲ੍ਹ ਅੰਦਰੋਂ ਪੁਲਸ ਦੀ ਗਾਰਦ ਤਲੇ ਨਿਕਾਲਿਆ ਤੇ ਕਚਹਿਰੀ ਵਲ ਨੂੰ ਤੋਰਿਆ। ਇਕ ਇਕ ਸਿੰਘ ਉਤੇ ਦੋ ਦੋ ਪੁਲਸ ਸਿਪਾਹੀ ਤਾਈਨਾਤ ਕੀਤੇ ਹੋਏ ਸਨ। ਇਸ ਪ੍ਰਕਾਰ ਪੁਲਸ ਸਿਪਾਹੀ ਨਾਲ ਲਗੇ ਜਾਂਦੇ ਸਨ ਜੋ ਤਲਵਾਰਾਂ ਬੰਦੂਕਾਂ ਨਾਲ ਵੀ ਮੁਸੱਲਾ ਸਨ, ਜਿਸ ਪ੍ਰਕਾਰ ਗੁਫਿਆਂ ਅੰਦਰੋਂ ਖੁਲ੍ਹੀ ਹਵਾ ਵਿਚ ਨਿਕਲ ਕੇ ਸ਼ੇਰ ਭੂਸਰ ਉਠਦੇ ਹਨ। ਇਸੇ ਪ੍ਰਕਾਰ ਜਦ ਮਹੀਨਿਆਂ ਬੱਧੀ ਦੇ ਜੇਲ੍ਹ ਕੋਠੜੀਆਂ ਵਿਚ ਤੜੇ ਹੋਏ ਸਿੰਘ ਸੂਰਬੀਰਾਂ ਨੂੰ ਬਾਹਰਲੀ ਹਵਾ ਲਗੀ ਤਾਂ ਉਹ ਲਗ ਪਗ ਸਾਰੇ ਦੇ ਸਾਰੇ ਹੀ ਹਰਨ ਹੋਣ ਲਈ ਸੰਧੂਰਤ ਹੋ ਗਏ। ਸੋਰਮ-ਸੋਰੀ ਹੋ ਕੇ ਰਾਹ ਜਾਂਦਿਆਂ ਨੇ ਮਤਾ ਪਕਾ ਲਿਆ ਕਿ ਇਹਨਾਂ ਪਹਿਰੇਦਾਰ ਪੁਲਸੀਆਂ ਨੂੰ ਸੋਧ ਸਾਧ ਕੇ ਹਰਨ ਹੋ ਜਾਵੇ। ਪਰੰਤੂ ਸਾਡੇ ਵਿਚਕਾਰ ਗਿਆਨੀ ਨਾਹਰ ਸਿੰਘ ਸਾਰਖੇ ਕਈ ਦੂਰਅੰਦੇਸ਼ ਸਿੰਘਾਂ ਨੇ ਵਰਜੀ ਰਖਿਆ। ਜੇਹਲ ਤੋਂ ਅਦਾਲਤ ਦਾ ਬੜਾ ਦੁਰਾਡਾ ਫੈਸਲਾ ਸੀ। ਸ਼ੇਰਾਂ ਦੀ ਕਤਾਰ ਨੂੰ ਲਈ ਜਾਂਦੇ ਦੁਗਣੇ ਚੌਗੁਣੇ ਪੁਲਸਮੈਨ ਸਸ਼ਤਰਾਂ ਨਾਲ ਸਨਦਬਧ ਹੁੰਦੇ ਹੋਏ ਵੀ ਡਰਦੇ ਥਰ ਥਰ ਕੰਬਣ। ਦਰਅਸਲ ਉਹਨਾਂ ਦੀਆਂ ਪਹਿਣੀਆਂ ਹੋਈਆਂ ਤਲਵਾਰਾਂ ਬੰਦੂਕਾਂ ਉਨ੍ਹਾਂ ਦੀਆਂ ਨਹੀਂ ਸਨ। ਇਕੋ ਹੀ ਭੜਕੀ ਧਮਕੀ ਨਾਲ ਉਹਨਾਂ ਨੇ ਸਾਰੀਆਂ ਹੀ ਸਿੰਘਾਂ ਦੇ ਸਪੁਰਦ ਕਰ ਦੇਣੀਆਂ ਸਨ ਜਾਂ ਸਿੰਘਾਂ ਨੇ ਹਥੋ ਹਥੀ ਉਹਨਾਂ ਤੋਂ ਖੋਹ ਲੈਣੀਆਂ ਸਨ। ਚੇਹਰੇ ਉਹਨਾਂ ਦੇ ਪੀਲੇ ਭੂਕ ਪਏ ਹੋਏ ਸਨ। ਕਦਮ ਕਦਮ ਤੇ ਸਹਿਮ ਸਹਿਮ ਤੇ ਠਠੰਬਰ ਉਠਦੇ ਸਨ। ਅਦਾਲਤ ਤੋਂ ਕੋਈ ਸੌ ਪੰਜਾਹ ਕਦਮਾਂ ਉਰੇਡੇ ਨੂੰ ਇਕ ਬੜਾ ਸੰਘਣਾ ਰੱਖ (ਬਣ) ਸੀ। ਜੋ ਉਹਨੀਂ ਦਿਨੀਂ ਸੁੰਨਸਾਨ ਬੀਆਬਾਨ ਹੀ ਪਿਆ ਸੀ। ਉਸ ਦੇ ਵਿਚੋਂ ਹੀ ਰਸਤਾ ਅਦਾਲਤ ਨੂੰ ਲੰਘਣਾ ਸੀ। ਉਸ ਰਖ ਵਿਚ ਰਸਤਾ ਵੜ ਕੇ ਅਜੇ ਅਧ ਵਿਚਾਲੇ ਹੀ ਗਿਆ ਸੀ ਕਿ ਅਸੀਂ ਕੀ ਵੇਖਦੇ ਹਾਂ ਕਿ ਭਾਈ ਲਾਲ ਸਿੰਘ ਜੀ ਸਵਾ ਲਖ ਨਾਲ ਹੀ ਮੋਢੇ ਉਤੇ ਸਵਾ ਜੰਗ (ਟਕੂਆ) ਧਰੀ, ਬੀਰ ਰਸ ਨਾਲ ਸੰਧੂਰਤ ਹੋਏ ਸਾਹਮਣੇ ਤੋਂ ਚਲੇ ਆ ਰਹੇ ਸਨ। ਕਈ ਦਿਨਾਂ ਤੋਂ ਉਹ ਬਿਰਹੇ ਬਾਵਰੇ ਹੋ ਕੇ ਸਾਡੀ ਸੂੰਹ ਕਢਣ ਲਈ ਏਵੇਂ ਹੀ ਫਿਰਦੇ ਰਹਿੰਦੇ ਸਨ; ਉਸ ਦਿਨ ਅਚਾਨਕ ਹੀ ਜਦ ਭਾਈ ਲਾਲ ਸਿੰਘ ਜੀ ਨੇ ਸਾਨੂੰ ਪਰਾਈ ਈਨ ਵਿਚ ਵੇੜ੍ਹੇ ਹੋਏ ਵੇਖਿਆ, ਤਾਂ ਉਹਨਾਂ ਦੀ ਖੁਸ਼ੀਆਂ ਭਰੀ ਸੂਰਬੀਰਤਾ ਵਾਲੀ ਸੰਧੂਰਤਾ ਹੋਰ ਵੀ ਸੰਧੂਰਤ ਹੋ ਗਈ। ਉਹ ਸਾਡੇ ਨਾਲ ਜਾਂਦੇ



www.AKJ.Org

ਸਿਪਾਹੀਆਂ ਤੋਂ ਨਿਡਰ ਤੇ ਬੇਖੌਫ਼ ਹੋ ਕੇ ਸਾਡੇ ਕੋਲ ਹੀ ਆ ਢੁਕੇ ਅਤੇ ਸਾਡੇ ਨਾਲ ਬਰੋ ਬਰੋਬਰੀ ਲਗੇ ਤੁਰੇ ਜਾਣ ਨਾਲੇ ਇਸ਼ਾਰੇ ਕਰਨ ਕਿ ਹੁਣ ਹੁਕਮ ਦਿਉ। ਹੁਣੇ ਹੀ ਛੁਡਾ ਕੇ ਸਾਰਿਆਂ ਨੂੰ ਲੈ ਚਲਦਾ ਹਾਂ। ਸਾਡੀ ਕਤਾਰ ਵਿਚ ਜਾਂਦਿਆਂ ਦੇ ਵਿਚੋਂ ਕਿਸੇ ਕਮਜ਼ੋਰ ਦਿਲ ਸਿੰਘ ਨੇ ਇਉਂ ਆਖਿਆ ਕਿ ਇਕਲੇ ਕੀ ਕਰੋਗੇ ? ਤਾਂ ਸ਼ੇਰ ਦਿਲ ਭਾਈ ਲਾਲ ਸਿੰਘ ਜੀ ਨੇ ਭਬਕ ਕੇ ਉਤਰ ਦਿਤਾ ਕਿ ਖਾਲਸਾ ਸਵਾ ਲੱਖ ਨਾਲ ਹੈ, ਇਕੱਲਾ ਕਦੇ ਨਹੀਂ ਹੁੰਦਾ। ਇਹ ਭਬਕ ਸੁਣ ਕੇ ਪੁਲਸ ਵਾਲੇ ਪਰੇਸ਼ਾਨ ਹੋ ਗਏ ਤੇ ਭਾਈ ਲਾਲ ਸਿੰਘ ਜੀ ਨੂੰ ਬੇਨਤੀ ਕਰਨ ਲਗੇ ਕਿ ਸਾਨੂੰ ਡਿਊਟੀ ਭੁਗਤਣ ਦਿਓ ਕ੍ਰਿਪਾ ਕਰਕੇ ! ਅਸੀਂ ਫਾਰਗੁਲਬਾਲ ਹੋ ਜਾਵਾਂਗੇ, ਮੁੜਦੇ ਹੋਏ ਹੋਰ ਸਿਪਾਹੀਆਂ ਦੀ ਗਾਰਦ ਇਹਨਾਂ ਨੂੰ ਵਾਪਸ ਜੇਲ੍ਹ ਨੂੰ ਲੈ ਕੇ ਜਾਏਗੀ। ਏਸੇ ਰੱਖ (ਜੰਗਲ) ਥੀਂ ਹੀ ਇਹਨਾਂ ਨੇ ਮੁੜਨਾ ਹੈ। ਤੁਸੀਂ ਹੋਰ ਫੌਜਾਂ ਭੀ ਇਤਨੇ ਨੂੰ ਆਪਣੇ ਨਾਲ ਲੈ ਆਵੋ। ਭਾਈ ਲ ਲ ਸਿੰਘ ਜੀ ਨੇ ਉਹਨਾਂ ਦੀ ਇਕ ਨਾ ਮੰਨੀ, ਓਦੋਂ ਵੀ ਸਵਾ ਲਖ ਨਾਲ ਧਾਵਾ ਬੋਲਣ ਨੂੰ ਤਿਆਰ ਸਨ। ਸਾਡੇ ਵਿਚੋਂ ਦੂਰ ਅੰਦੇਸ਼ੀ ਲੰਮੀ ਸੋਚ ਵਾਲੇ ਸਿੰਘਾਂ ਨੇ ਮਸਾਂ ਹਥ ਜੋੜ ਜੋੜ ਕੇ ਉਹਨਾਂ ਨੂੰ ਵਰਜੀ ਰਖਿਆ।

ਏਤਨੇ ਚਿਰ ਨੂੰ ਅਦਾਲਤ ਦਾ ਹਾਤਾ ਵੀ ਆ ਗਿਆ ਉਧਰੋਂ ਅਦਾਲਤ ਵੀ ਬੜੀ ਘਬਰਾਈ ਬੈਠੀ ਸੀ. ਸਾਨੂੰ ਦੇਖ ਕੇ ਹੋਰ ਵੀ ਘਬਰਾ ਗਈ ਅਤੇ ਤਲਮਲਾਉਣ ਲਗੀ ਕਿ ਇਹਨਾਂ ਨੂੰ ਤਾਂ ਜੇਹਲ ਵਿਚ ਹੀ ਰੀਮਾਂਡ ਸੁਣਨ ਦਾ ਹੁਕਮ ਹੈ, ਏਥੇ ਅਦਾਲਤ ਵਿਚ ਲੈ ਕੇ ਕਿਉਂ ਆਏ ? ਗਲ ਕੀ ਸਾਨੂੰ ਪਿਛਲੇ ਪੈਰੀਂ ਹੀ ਤਾਬੜ ਤੋੜ ਵਾਪਸ ਜੇਹਲ ਨੂੰ ਹੀ ਤੋਰ ਦਿਤਾ ਗਿਆ। ਫੇਰ ਸਾਨੂੰ ਰੱਖ ਵਾਲੇ ਰਸਤੇ ਨਹੀਂ ਲੈ ਗਏ। ਬੜੀ ਹਿਫ਼ਾਜ਼ਤ ਤੇ ਤਕੜਾਈ ਕਰ ਕੇ ਹੋਰ ਰਸਤੇ ਥਾਣੀਂ ਵਿੰਗ ਪਾ ਕੇ ਸਾਨੂੰ ਜੇਲ੍ਹ ਵਿਚ ਵਾਪਸ ਲੈ ਵੜੇ। ਵਿਚਾਰੇ ਲਾਲ ਸਿੰਘ ਜੀ ਤਿਆਰੀਆਂ ਕਰਦੇ ਹੀ ਰਹਿ ਗਏ। ਨਾ ਅਸੀਂ ਮੁੜ ਕੇ ਰੱਖ ਵਿਚ ਦੀ ਲੰਘੇ ਨਾ ਭਾਈ ਲਾਲ ਸਿੰਘ ਜੀ ਦੀਆਂ ਲੂਹਰਵੀਆਂ ਆਸਾਂ ਪੂਰਨ ਹੋਈਆਂ। ਇਸ ਵਿਚ ਰੰਚਕ ਸੰਦੇਹ ਨਹੀਂ ਸੀ ਕਿ ਜੇ ਅਸੀਂ ਮੁੜ ਕੇ ਉਸੇ ਰਸਤੇ ਵਾਪਸ ਜਾਂਦੇ, ਜਾਂ ਸਾਡੇ ਵਲੋਂ ਜ਼ਰਾ ਵੀ ਇਸ਼ਾਰਾ ਹੋ ਜਾਂਦਾ ਤਾਂ ਭਾਈ ਲਾਲ ਸਿੰਘ ਜੀ ਨੇ ਜ਼ਰੂਰ ਕੁਦ ਪੈਣਾ ਸੀ। ਸਾਨੂੰ ਛੁਡਾ ਕੇ ਸਾਰਿਆਂ ਨੂੰ ਹਰਨ ਕਰਾ ਕੇ ਲੈ ਜਾਣਾ ਸੀ। ਇਹ ਉਹ ਸਮਾਂ ਸੀ ਜਦੋਂ ਦੂਰੋਂ ਹੀ ਸਾਨੂੰ ਦੇਖ ਕੇ ਬੰਦਾ ਬਸ਼ਰ ਛਡ ਕੇ ਨਸ ਜਾਂਦਾ ਸੀ। ਕਿਸੇ ਸਿਖ ਦੀ ਪਰੋਖੋਂ ਨਹੀਂ ਸੀ ਕਿ ਸਾਨੂੰ ਫਤਹਿ ਵੀ ਬੁਲਾ ਸਕੇ। ਸਾਡੇ ਜੇਲ੍ਹ ਯਾਤਰਾ ਦੇ ਸਮੇਂ ਵਿਚ ਹੀ ਸਾਡੇ ਆਉਣ ਤੋਂ ਪਹਿਲਾਂ ਭਾਈ ਲਾਲ ਸਿੰਘ ਜੀ ਚਲਾਣਾ ਕਰ ਗਏ।


# ਫੁਲਬਹਿਰੀ ਸਫ਼ੈਦ ਦਾਗਾਂ ਦਾ ਮੁਕੰਮਲ ਇਲਾਜ

ਫੁਲਬਹਿਰੀ, ਸਫ਼ੇਦ ਦਾਗਾਂ ਅਤੇ ਹੋਰ ਜਿਲਦੀ ਰੋਗਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀਮ ਐਚ. ਐਸ. ਕਟਾਰੀਆ ਨੂੰ ਮਿਲੋ, ਜਿਨ੍ਹਾਂ ਦੇ ਇਲਾਜ ਨਾਲ ਸੈਂਕੜੇ ਲੋਕ ਫੁਲਬਹਿਰੀ ਦੇ ਰੋਗ ਤੋਂ ਛੁਟਕਾਰਾ ਪਾ ਚੁਕੇ ਹਨ।


ਸਾਡੀ ਦਵਾਈ ਫੁਲਬਹਿਰੀ ਦੇ ਰੋਗ ਨੂੰ ਜੜ੍ਹੋਂ ਹੀ ਖ਼ਤਮ ਕਰਕੇ ਸਰੀਰ ਦੀ ਚਮੜੀ ਨੂੰ ਆਪਣੇ ਅਸਲੀ ਰੂਪ ਵਿਚ ਲੈ ਆਉਂਦੀ ਹੈ। ਸੋ ਫੁਲਬਹਿਰੀ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪਤਰ ਰਾਹੀਂ ਦਵਾਈ ਮੰਗਾ ਸਕਦੇ ਹੋ।

## ਕਟਾਰੀਆ ਸ਼ਫ਼ਾਖ਼ਾਨਾ ਪੀਲੀ ਸੜਕ, ਰਾਘੋਮਾਜਰਾ, ਪਟਿਆਲਾ

ਨੋਟ:-ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ, ਇਨ੍ਹਾਂ ਨਕਲਚੀਆਂ ਤੋਂ ਬਚੋ।


www.AKJ.Org




( ਇਸ ਲੇਖ ਦੇ ਲਿਖਾਰੀ ਦੇ ਖ਼ਿਆਲਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ )

ਗੁਰੂ ਸਵਾਰੇ ਗੁਰਮੁਖ ਪਿਆਰੇ ਵੀਰ ਜੀਓ,
ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫਤਹ ॥

'ਸੂਰਾ' ਦੇ ਅਗਸਤ ਵਾਲੇ ਅਧ-ਮਾਸਕ ਪੱਤਰ ਵਿਚ ਤੇ ੨੦ ਸਤੰਬਰ ਦੇ ਪੱਤਰ ਵਿਚ 'ਨਾਨਕ ਨਾਮ ਜਹਾਜ਼ ਹੈ' ਫਿਲਮ ਬਾਰੇ ਜੋ ਲੇਖ ਪ੍ਰਕਾਸ਼ਤ ਕੀਤੇ ਹਨ, ਉਹ ਅਤੀ ਸ਼ਲਾਘਾ ਯੋਗ ਹਨ । ਉਂਝ ਤਾਂ 'ਸੂਰਾ' ਪੱਤਰ ਦਿਨ ਬਦਿਨ ਹਰੇਕ ਪੱਖ ਤੋਂ ਇਸ ਥੋੜੇ ਸਮੇਂ ਵਿਚ ਬਹੁਤ ਉਨਤੀ ਦੀ ਮਾਰਗ ਤੇ ਪਹੁੰਚ ਗਿਆ ਹੈ। ਸਾਧਾਰਣ ਮਨੁਖੀ ਮਨ ਦੇ ਕਈ ਐਸੇ ਸ਼ੰਕੇ ਚਾਹੇ ਧਾਰਮਿਕ ਹੋਣ ਚਾਹੇ ਆਰਥਿਕ ਅਤੇ ਸਮਾਜਿਕ, ਇਹ ਸੂਰੇ ਦੇ ਲੇਖਾਂ ਰਾਹੀਂ ਹੀ ਨਿਵਰਤ ਹੁੰਦੇ ਹਨ ਕਿਉਂਕਿ ਇਸ ਦੇ ਲੇਖਕਾਂ ਦੇ ਲੇਖ ਸੁਚੱਜੇ ਢੰਗ ਨਾਲ ਗੁਰਮਤਿ ਦੀ ਰੋਸ਼ਨੀ ਵਿਚ, ਗੁਰਬਾਣੀ ਦੇ ਆਧਾਰ ਤੇ ਹੀ ਪ੍ਰਕਾਸ਼ਤ ਹੋਏ ਹੁੰਦੇ ਹਨ ਅਤੇ ਸਾਇੰਟਿਫਿਕ ਅਸੂਲ ਤੇ ਵੀ ਪੂਰੇ ਉਤਰਦੇ ਹਨ ।

ਉਪਰੋਕਤ ਲੇਖਕਾਂ ਦੇ ਲੇਖਾਂ ਵਾਲੇ ਵਿਚਾਰ ਕਾਫੀ ਦੇਰ ਤੋਂ ਦਾਸ ਦੇ ਹਿਰਦੇ ਵਿਚ ਉਥਲ-ਪੁਥਲ ਮਚਾ ਰਹੇ ਸਨ । ਦਾਸ ਨੂੰ ਵੀ ਕਈ ਸਜਣਾਂ ਮਿੱਤਰਾਂ ਨੇ ਇਸ ਫਿਲਮ ਨੂੰ ਵੇਖਣ ਲਈ ਪਰੇਰਿਆ ਕਿ ਧਾਰਮਿਕ ਪਿਕਚਰ ਹੈ ਇਸ ਨੂੰ ਦੇਖਣ ਵਿਚ ਕੀ ਹਰਜ ਹੈ ਜਦ ਕਿ ਹੋਰ ਵੀ ਸਿਖ ਦੇਖ ਰਹੇ ਹਨ । ਚਲੋ ਤੁਹਾਨੂੰ ਅਸੀਂ ਫਰੀਹ ਦਿਖਾ ਦਿੰਦੇ ਹਾਂ। ਪਰੰਤੂ ਪਿਕਚਰਾਂ ਬਾਰੇ ਅਤੇ ਆਮ ਸਟੇਜਾਂ ਤੇ ਫਿਲਮੀ ਕਲਾਕਾਰਾਂ ਦੇ ਗੀਤਕਾਰਾਂ ਤੋਂ ਨਫਰਤ ਵੀ ਹੋ ਚੁਕੀ ਹੈ, ਤੇ ਅੰਮ੍ਰਿਤ ਸੰਚਾਰ ਸਮੇਂ ਵੀ ਗੁਰੂ ਸਰੂਪ ਪੰਜਾਂ ਪਿਆਰਿਆਂ ਦੀ ਹਦਾਇਤ ਕਿ 'ਵੇਸਵਾ ਦੁਆਰੇ ਸਿਖ ਨ ਜਾਵੇ' (ਰਹਿਤਨਾਮਾ ਭਾਈ ਨੰਦ ਲਾਲ ਜੀ) ਅਤੇ ਨਾਟਕਾਂ ਚੇਟਕਾਂ ਵਿਚ ਨਹੀਂ ਪੈਣਾ, ਅਨੁਸਾਰ ਪੱਕਾ ਫੈਸਲਾ ਹੀ ਕਰ ਲਿਆ ਸੀ ਕਿ ਫਿਲਮਾਂ ਸਿਨੇਮੇ ਨਹੀਂ ਜਾਣਾ, ਨਕਲਾਂ ਗੰਦੀਆਂ ਸਟੇਜਾਂ ਵਲ ਨਹੀਂ ਜਾਣਾ । ਪਰੰਤੂ ਸਰਕਸ ਬਾਰੇ ਕੁਝ ਨਾ ਪਤਾ ਹੋਣ ਕਰਕੇ ਸਰਕਸ ਦੇਖਣ ਚਲਾ ਗਿਆ । ਓਦੋਂ ਅਜੇ ਪਤਿਤ ਸਿਖ ਦੀ ਅਵਸਥਾ ਵਿਚ ਹੀ ਸਾਂ । ਜਦੋਂ ਸ੍ਰਕਸ ਦੇ ਅੰਦਰ ਸੀਟਾਂ ਤੇ ਬੈਠਕੇ ਨਿਗਾਹ ਮਾਰੀ ਸੋਚਿਆ ਕਿ ਕੀ ਅੰਮ੍ਰਿਤਧਾਰੀ ਵੀ ਇਹ ਸਰਕਸ ਦੇਖਦੇ ਹਨ ਤਾਂ ਸਚਮੁਚ ਦੋ ਚਾਰ ਸਿੰਘ ਨੀਲੀਆਂ ਦਸਤਾਰਾਂ ਵਾਲੇ ਕਿਰਪਾਨਾਂ ਧਾਰਨ ਕਰੀ ਬੈਠੇ ਸਰਕਸ ਦੇਖ ਰਹੇ ਨਜ਼ਰ ਆਏ, ਸੋਚ ਲਿਆ ਚਲੋ ਕੋਈ ਗਲ ਨਹੀਂ ਸਿੰਘ ਵੀ ਤਾਂ ਦੇਖਦੇ ਹੀ ਹਨ। ਇਸੇ ਵਿਚਾਰ ਨਾਲ ਇਕ ਵਾਰ ਫਿਰ ਸਰਕਸ ਦੇਖੀ। ਓਦੋਂ ਮੈਂ ਜਗਾਧਰੀ ਸਾਂ । ਇਕ ਬਜ਼ੁਰਗ ਜੋ ਤਿਆਰ ਬਰ ਤਿਆਰ ਗੁਰਸਿਖ ਤਾਂ ਨਹੀਂ ਸੀ ਪਰੰਤੂ ਗੁਰੂ ਘਰ ਵਿਚ ਰੋਜ਼ ਦੋਵੇਂ ਵਕਤ ਸੇਵਾ ਕਰਦਾ ਸੀ ਤੇ ਕੇਸਾਧਾਰੀ ਸੀ । ਮੈਂ ਸਹਿਜ



www.AKJ.Org

ਸੁਭਾ ਉਹਨਾਂ ਨੂੰ ਕਿਹਾ ਕਿ ਬਾਬਾ ਜੀ ਸਾਰੀ ਦੁਨੀਆਂ ਸਰਕਸ ਦੇਖ ਰਹੀ ਹੈ ਚਲੋ ਤੁਸੀਂ ਵੀ ਦੇਖ ਲਵੋ । ਉਹਨਾਂ ਨੇ ਹੌਲੇ ਜਿਹੇ ਉਤਰ ਦਿਤਾ, ਸਰਦਾਰ ਜੀ ! ਕੀ ਜਾਣਾ ਹੈ ਓਥੇ, ਗੁਰੂ ਘਰ ਹੀ ਜਾਣਾ ਚੰਗਾ ਹੈ । ਸੁਣੀਦਾ ਹੈ ਸਰਕਸ ਵਿਚ ਤਾਂ ਲੜਕੀਆਂ ਸਿਵਾਏ ਕੈਂਚ, ਬਾਡੀ ਦੇ ਨੰਗੀਆਂ ਹੁੰਦੀਆਂ ਹਨ ਤੇ ਆਪਣੀਆਂ ਧੀਆਂ ਭੈਣਾਂ ਵਰਗੀਆਂ ਹਨ । ਬਸ ਏਨੇ ਉਤਰ ਨੇ ਦਾਸ ਦੇ ਸਰੀਰ ਅੰਦਰ ਇਕ ਝਰਨਾਹਟ ਜਿਹੀ ਛਿੜੀ ਕਿ ਹੈਂ ਤੂੰ ਤਾਂ ਅੰਮ੍ਰਿਤ ਛਕਿਆ ਹੋਇਆ ਸੀ ਤੇ ਗੁਰੂ ਘਰ ਵਿਚ ਕੀਰਤਨ ਵੀ ਕਰਦਾ ਹੈਂ । ਲੋਕਾਂ ਨੂੰ ਉਪਦੇਸ਼ ਕਰਦਾ ਹੈਂ । ਆਪ ਉਸੇ ਖੂਹ ਖਾਤੇ ਵਿਚ ਡਿਗਿਆ ਹੋਇਆ ਹੈਂ ਤੇਰੇ ਨਾਲੋਂ ਤਾਂ ਇਹ ਬਜ਼ੁਰਗ ਹੀ ਚੰਗੇ ਹਨ । ਬੱਸ ਉਸ ਦਿਨ ਤੋਂ ਫੈਸਲਾ ਕਰ ਲਿਆ ਕਿ ਸਰਕਸ ਵੀ ਇਕ ਵੇਸਵਾ ਦੁਆਰਾ ਹੀ ਹੈ । ਇਹ ਸਭ ਸੰਸਾਰੀ ਮਨੋਰੰਜਨ ਦੇ ਸਾਧਨ ਹਨ, ਏਧਰ ਨਹੀਂ ਜਾਣਾ ।

ਹੁਣ ਇਹ 'ਨਾਨਕ ਨਾਮ ਜਹਾਜ਼ ਹੈ' ਪਿਕਚਰ ਜੋ ਚਲ ਰਹੀ ਹੈ ਇਸ ਦੀ ਬਾਬਤ ਭਾਵੇਂ ਕੁਝ ਗੁਰਮੁਖ ਵਿਅਕਤੀਆਂ ਵਲੋਂ ਵਿਰੋਧਤਾ ਵਿਚ ਅਵਾਜ਼ ਉਠਾਈ ਗਈ ਸੀ ਤੇ ਗੁਰਦਵਾਰਾ ਸਿੰਘ ਸਭਾ ਮਾਡਲ ਹਾਊਸ ਜਲੰਧਰ ਵਿਚ ਇਸ਼ਤਿਹਾਰ ਵੀ ਲਗੇ ਦੇਖੇ ਸਨ । ਪਰੰਤੂ ਕੌਣ ਸੁਣਦਾ ਹੈ ਅਜ ਕਲ੍ਹ, ਇਹ ਪੰਥਕ ਲੀਡਰ ਜੋ ਕਿ ਆਪਣੇ ਆਪ ਨੂੰ ਗੁਰਸਿਖ ਜਨਤਾ ਦੇ ਵਫਾਦਾਰ ਕਹਾਉਂਦੇ ਹਨ, ਇਹ ਤਾਂ ਰਾਜ ਦੀ ਮਸਤੀ ਵਿਚ ਮਸਤ ਹਨ, ਗੰਦੀ ਸਿਆਸਤ ਨੇ ਇਹਨਾਂ ਦਾ ਦਿਮਾਗ ਖਾਲਸ ਨਹੀਂ ਰਹਿਣ ਦਿਤਾ । ਹਰ ਸਮੇਂ ਦੁਈ ਦਵੈਤ, ਇਕ ਦੂਜੇ ਲੀਡਰ ਦੀ ਨਿੰਦਾ ਵਲ ਹੀ ਮਨ ਖਚਤ ਰਹਿੰਦਾ ਹੈ । ਇਹਨਾਂ ਦੇ ਕੰਨਾਂ ਤੇ ਇਹੋ ਜਿਹੀਆਂ ਆਵਾਜ਼ਾਂ ਦੀ ਜੂੰ ਤਕ ਨਹੀਂ ਸਰਕਦੀ । ਖੈਰ ਇਹ ਕਿਸੇ ਦੇ ਵਸ ਦੀ ਗਲ ਨਹੀਂ 'ਤਪੋਂ ਰਾਜ ਤੇ ਰਾਜੋਂ ਨਰਕ' ਰਾਜ ਪ੍ਰਭਤਾ ਵਿਚ ਆਕੇ ਤਾਂ ਕੋਈ ਵਿਰਲਾ ਜਨ ਹੀ ਭਗਤੀ ਮਾਰਗ ਤੇ ਖੜੋਂਦਾ ਹੈ । ਇਹਨਾਂ ਪੰਥ ਘਾਤਕ ਨੇਤਾਵਾਂ ਦਾ ਹਾਲ ਉਹੀ ਹੋਵੇਗਾ ਜੋ ਤਤ ਖਾਲਸੇ ਨੇ ਬੰਦੇ ਬਹਾਦਰ ਦਾ ਕੀਤਾ ਸੀ । ਸਿਖ ਰਾਜ ਦੇ ਮਹਾਰਾਜੇ ਨੂੰ ਵੀ ਖਿਮਾਂ ਨਹੀਂ ਕੀਤਾ ਸੀ । ਜਿਵੇਂ ੨੦ ਸਤੰਬਰ ਦੇ ਸੂਰੇ ਪਰਚੇ ਵਿਚ ਲਿਖਿਆ ਹੈ ਕਿ ਇਸ ਫਿਲਮ ਦੀ ਆਗਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਭੀ ਦਿਤੀ ਹੈ ਜਿਸ ਦੇ ਪ੍ਰਧਾਨ ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ ਹਨ । ਕੀ ਲਿਖੀਏ ਏਹਨਾਂ ਲੀਡਰਾਂ ਦੀ ਬਾਬਤ ਜਿਹੜੇ ਸਿਖ ਜਨਤਾ ਦੀਆਂ ਅਖਾਂ ਵਿਚ ਘਟਾ ਪਾਕੇ ਪੰਜਾਬੀ ਸੂਬੇ ਤੇ ਚੰਡੀਗੜ੍ਹ ਆਦਿ ਐਜੀਟੇਸ਼ਨਾਂ ਵਿਚ ਚਾਰ ਵਾਰੀ ਪ੍ਰਣ ਤੋੜ ਚੁਕੇ ਹਨ । ਹੁਣ ਵੀ ਜਦੋਂ ਕਦੀ ਇਹਨਾਂ ਦੀ ਵਿਰੋਧਤਾ ਹੁੰਦੀ ਹੈ ਤਾਂ ਕਦੀ ਧਰਮ ਬਚਾਉ ਦਾ ਨਾਅਰਾ ਮਾਰ ਦਿੰਦੇ ਹਨ ਧਰਮ ਨੂੰ ਖਤਰਾ ਹੈ ਆਦਿ । ਗੁਰਸਿਖੋ ਸਚ ਗਲ ਤਾਂ ਇਹੋ ਹੈ ਕਿ ਧਰਮ ਨੂੰ ਖਤਰਾ ਨਹੀਂ, ਇਹਨਾਂ ਦੇ ਪੰਥ ਉਤੇ ਕਬਜ਼ੇ ਨੂੰ ਖਤਰਾ ਹੈ ਇਹਨਾਂ ਦੀ ਸਿਆਸਤੀ ਲੀਡਰ ਸ਼ਿਪ ਨੂੰ ਖਤਰਾ ਹੈ । ਗੁਰਮਤਿ ਵਿਰੁਧ ਰਚਾਏ ਪਖੰਡ ਅਗਨ ਕੁੰਡਾਂ ਨੂੰ ਖਤਰ ਹੈ । ਖਾਲਸਾ ਵੀਰੋ ਤੇ ਭੈਣੋ—ਤੁਸੀਂ ਜਿਹਨਾਂ ਨੇ ਫਿਲਮ ਦੇਖੀ ਹੈ ਜੇ ਨਹੀਂ ਦੇਖੀ ਤਾਂ ਉਸ ਦੀ ਬਾਬਤ ਸੁਣ ਹੀ ਲਿਆ ਹੋਵੇਗਾ ਕਿ ਕੀ ਕੁਝ ਸਟੋਰੀ ਹੈ । ਕੀ ਤੁਸੀਂ ਅੰਦਾਜ਼ਾ ਲਾਇਆ ਹੈ ਕਿ ਇਹ ਫਿਲਮ ਸਿਖ ਧਰਮ ਲਈ ਕਿਤਨੀ ਕੁ ਧਰਮ ਪ੍ਰਚਾਰਕ ਸਿਧ ਹੋਵੇਗੀ । ਕਿਤਨੇ ਆਦਮੀ ਸਿਖੀ ਵਿਸ਼ਵਾਸ਼ ਵਿਚ ਆਏ ਹਨ ਕਿਤਨੇ ਤਿਆਰ ਬਰ ਤਿਆਰ ਸਜਣਗੇ ਕਿਤਨੇ ਦਾੜ੍ਹੀਆਂ ਕਟਣੀਆਂ ਛਡਣਗੇ । ਦਾਸ ਦਾ ਅੰਦਾਜ਼ਾ ਤਾਂ ਨਾ ਦੇਖਕੇ ਪਹਿਲਾਂ ਤੇ ਹੁਣ ਵੀ ਇਹੀ ਹੈ ਕਿ ਇਹ ਸਗੋਂ ਗੁਰਮਤਿ ਸਿਧਾਂਤਾਂ ਨੂੰ ਮਿਟੀ ਵਿਚ ਮਿਲਾ ਰਹੀ ਹੈ ਤੇ ਮਿਲਾਈ ਜਾਏਗੀ । ਜੇ ਇਸ ਦੀ ਰੁਕਾਵਟ ਨ ਹੋਈ । ਇਸ ਵਿਚ ਤਾਂ ਸੰਤ ਫਤਹ ਸਿੰਘ ਦੀ ਪਿਕਚਰ ਆਉਂਦੀ ਹੈ ਸ੍ਰ: ਗੁਰਨਾਮ ਸਿੰਘ ਦੀ ਆਉਂਦੀ ਹੈ ਤੇ ਸਹੀ ਅਰਥਾਂ ਵਿਚ ਇਹ ਉਹਨਾਂ ਦਾ ਆਪਣਾ ਜ਼ਾਤੀ ਪਰਚਾਰ ਹੈ । ਜਿਸ ਅਧਾਰ ਤੇ ਬਣਾਈ



www.AKJ.Org

ਗਈ ਹੈ ਉਹ ਗੁਰਧਾਮਾਂ ਦੇ ਦਰਸ਼ਨ, ਗੁਰੂ ਘਰ ਤੇ ਸ਼ਰਧਾ, ਗੁਰਬਾਣੀ ਕੀਰਤਨ। ਮੈਂ ਇਹਨਾਂ ਪੰਥਕ ਨੇਤਾਵਾਂ ਨੂੰ ਪੁਛਣਾਂ ਚਾਹੁੰਦਾ ਹਾਂ ਕਿ ਕੀ ਪਿਛਲੇ ਗੁਰਸਿਖਾਂ ਦੀ ਗੁਰੂ ਘਰ ਉਤੇ ਸ਼ਰਧਾ ਦੇ ਇਤਿਹਾਸ ਨਾਲੋਂ ਇਹ ਫ਼ਿਲਮ ਜ਼ਿਆਦਾ ਲਾਭਦਾਇਕ ਸਿਧ ਹੋਵੇਗੀ ? ਕੀ ਸਿਖ ਜਨਤਾ ਆਪਣੇ ਪਿਆਰੇ ਗੁਰਧਾਮਾਂ ਦੇ ਫ਼ਿਲਮਾਂ ਰਾਹੀਂ ਹੀ ਦਰਸ਼ਨ ਕਰ ਕੇ ਸੰਤੁਸ਼ਟ ਹੋਵੇਗੀ ? ਕੀ ਫ਼ਿਲਮਾਂ ਰਾਹੀਂ ਆਚਰਣ ਰਹਿਤ, ਕਲਾਕਾਰਾਂ ਤੋਂ ਗੁਰਬਾਣੀ ਕੀਰਤਨ ਸੁਣ ਕੇ ਮਨ ਦੀ ਭੁਖ ਪੂਰੀ ਹੋਵੇਗੀ ? ਚੰਗਾ ਹੁੰਦਾ ਹੈ ਕਿ ਤੁਸੀਂ ਪੰਥ ਦਾ ਪੈਸਾ ਝੂਠੀ ਸਿਆਸਤ ਤੇ ਫ਼ਜ਼ੂਲ ਖ਼ਰਚੀ ਨ ਕਰ ਕੇ ਸਿਖ ਨੌਜਵਾਨਾਂ ਨੂੰ ਗੁਰਮਤ ਵਲ ਪ੍ਰੇਰਨ ਲਈ ਧਾਰਮਿਕ ਕੈਂਪ ਲਗਾਉਂਦੇ ਚੰਗੇ ਚੰਗੇ ਵਿਦਵਾਨ ਆਦਰਸ਼ਕ ਰਹਿਤਵਾਨ ਗੁਰਸਿਖਾਂ ਦੇ ਕੈਂਪ ਵਿਚ ਕੀਰਤਨ, ਲੈਕਚਰ ਕਰਾਉਂਦੇ ਤੇ ਗੁਰਮਤਿ ਇਮਤਿਹਾਨਾਂ ਵਿਚ ਜੋ ਚੰਗੇ ਨੰਬਰ ਲੈ ਕੇ ਪਾਸ ਹੁੰਦੇ ਉਹਨਾਂ ਨੂੰ ਇਨਾਮ ਦਿਤੇ ਜਾਂਦੇ। ਪਰੰਤੂ ਤੁਸੀਂ ਤਾਂ ਗੁਰਮਤਿ ਦੀ ਉਕਾ ਹੀ ਪਰਵਾਹ ਨਹੀਂ ਕੀਤੀ ਤੇ ਗੁਰਧਾਮਾਂ ਵਿਚ ਆਚਰਨ-ਹੀਣ ਕਲਾਕਾਰਾਂ ਨੂੰ ਸਿਰੋਪਾ ਦਿਤੇ ਹਨ। ਇਸ ਦਾ ਉਤਰ ਸਿਖ ਕੌਮ ਆਪੇ ਹੀ ਤੁਹਾਥੋਂ ਲਵੇਗੀ।

ਖਾਲਸਾ ਜੀ, ਆਓ ਅਸੀਂ ਅਗੇ ਸੋਚੀਏ ਜੇ ਇਹ ਪਿਕਚਰ ਇਸ ਤਰ੍ਹਾਂ ਚਲਦੀ ਰਹੀ ਤਾਂ ਪੰਥਕ ਲੀਡਰਾਂ ਦਾ ਹੌਸਲਾ ਇਸੇ ਤਰ੍ਹਾਂ ਹੀ ਵਧਿਆ ਰਹੇਗਾ, ਹੋ ਸਕਦਾ ਹੈ ਕਿ ਅਗਲੀਆਂ ਫ਼ਿਲਮਾਂ ਸਿਖ ਧਰਮ ਦੇ ਪਰਚਾਰ ਲਈ ਜੋ ਚਾਲੂ ਹੋਣਗੀਆਂ ਜਾਂ ਬਣਾਈਆਂ ਜਾਣਗੀਆਂ ਉਹਨਾਂ ਦੀ ਮਨਜ਼ੂਰੀ ਵੀ ਇਹ ਲੀਡਰ ਦੇ ਦੇਣ। ਦਾਸ ਦਾ ਸੁਝਾਓ ਤਾਂ ਇਹ ਹੈ ਕਿ ਪਹਿਲਾਂ ਇਹਨਾਂ ਲੀਡਰਾਂ ਨਾਲ ਜ਼ਾਤੀ ਤੌਰ ਤੇ ਚੰਗੇ ਚੰਗੇ ਵਿਦਵਾਨ ਗੁਰਸਿਖ, ਸੰਤ, ਗੁਰਮਤਿ ਦੀ ਰੋਸ਼ਨੀ ਵਿਚ ਵਿਚਾਰ ਵਟਾਂਦਰਾ ਕਰਨ ਤੇ ਇਹਨਾਂ ਨੂੰ ਇਹ ਫ਼ਿਲਮ ਏਥੇ ਹੀ ਬੰਦ ਤੇ ਅਗੋਂ ਲਈ ਨਵੀਆਂ ਫ਼ਿਲਮਾਂ ਦੀ ਨ ਆਗਿਆ ਦੇਣ ਵਾਸਤੇ ਵਰਜਿਆ ਜਾਏ। ਜੇਕਰ ਨਾਂ ਮੰਨਣ ਤਾਂ ਫਿਰ ਅਗਲਾ ਕਦਮ ਸੰਮੂਹ ਸਿਖ ਜਨਤਾ ਨੂੰ ਇਕਤ੍ਰ ਕਰ ਕੇ ਚੰਗੇ ਸੁਝਾਅ ਦੇ ਕੇ ਚੁਕਿਆ ਜਾਏ। ਆਸ ਹੈ ਕਿ ਸੰਮੂਹ ਗੁਰਸਿਖ ਵਿਦਵਾਨ ਸੰਤ, ਮਹੰਤ, ਪੰਥਕ ਜਥੇਬੰਦੀਆਂ ਸਿਖ ਧਰਮ ਬਾਰੇ ਸੰਮੂਹ ਜਨਤਾ ਨੂੰ ਠੀਕ ਰਹਿਨੁਮਾਈ ਦੇਣ ਨੂੰ ਮੁਖ ਰਖ ਕੇ ਇਸ ਤੇ ਵਿਚਾਰ ਕਰਨਗੀਆਂ।

ਸੰਗਤਾਂ ਦਾ ਦਾਸ—ਗੁਰਦਿਆਲ ਸਿੰਘ
ਪਿੰਡ ਓੜਪੁਰ, ਡਾ: ਟਾਂਡਾ (ਹੁਸ਼ਿਆਰਪੁਰ)

# ਰਹਾਉ ਬਾਰੇ ਵਿਚਾਰ

ਗੁਰਬਾਣੀ ਵਿਚ ਕੀਰਤਨ ਸਮੇਂ ਰਹਾਉ ਤੇ ਟੇਕ ਆਦਿਕ ਲੈਣ ਵਾਲੇ ਵਿਚਾਰ ਭਾਈ ਅਮਰੀਕ ਸਿੰਘ ਜੀ ਬੜੌਦਾ ਦੇ ਗੁਰਮਤ ਅਨੁਸਾਰ ਹਨ। ਬਹੁਤ ਹੀ ਸਪਸ਼ਟ ਕੀਤਾ ਗਿਆ ਹੈ। ਦਾਸ ਦੀ ਤੁਛ ਬੁਧੀ ਭਾਈ ਸਾਹਿਬ ਨਾਲ ਪੂਰਨ ਤੌਰ ਤੇ ਸਹਿਮਤ ਹੈ। ਗੁਰਬਾਣੀ ਪਾਰਸ ਹੈ ਜਾਂ ਮੋਟੇ ਸ਼ਬਦਾਂ ਵਿਚ ਮਠਿਆਈ ਵਾਂਗ ਹੈ, ਜਲੇਬੀ ਹੈ। ਜਲੇਬੀ ਖਾਣ ਲਗਿਆਂ ਕੋਈ ਨਹੀਂ ਵੇਖਦਾ ਕਿ ਕਿਧਰੋਂ ਖਾਵਾਂ। ਪਾਰਸ ਨੂੰ ਤਾਂਬਾ ਸਪਰਸ਼ ਕਰਨ ਲਗਿਆਂ ਇਹ ਨਹੀਂ ਵੇਖਿਆ ਜਾਂਦਾ ਕਿਧਰੋਂ ਸਪਰਸ਼ ਕਰੀਏ। ਗੁਰਬਾਣੀ ਅੰਮ੍ਰਿਤ ਰੂਪ ਹੋਣ ਕਾਰਨ ਅਵਸ਼ ਅਪਣੀ ਪਾਰਸ ਕਲਾ ਵਰਤਾਂਦੀ ਹੈ। ਰਹਾਉ ਆਦਿਕ ਦੀ ਸਸਪੰਜ ਵਿਚ ਪੈਣ ਦੀ ਲੋੜ ਨਹੀਂ।

ਗੁਰਬਾਣੀ ਅੰਮ੍ਰਿਤ ਸਾਗਰ ਵਿਚ ਰਤੋ ਪਹਰ ਅੰਮ੍ਰਿਤ ਲਹਿਰਾਂ ਠਾਠਾਂ ਮਾਰਦੀਆਂ ਹਨ। ਹਰ ਥਾਂ ਇਸ਼ਨਾਨ ਕੀਤਾ ਜਾ ਸਕਦਾ ਹੈ। ਬਸੰਤ ਕੀ ਵਾਰ ਮਹਲਾ ਪੰਜਵਾਂ ਭੀ ਗੁਰੂ ਸਾਗਰ ਦੀ ਲਹਿਰ ਹੈ ਅਤੇ ਹੋਰ ਇਸ ਤੋਂ ਗੰਭੀਰ ਵਾਰਾਂ ਭੀ ਅਥਾਹ ਲਹਿਰਾਂ ਹਨ। ਸੋ ਇਹ ਪਾਬੰਦੀ ਕਿ ਰਹਾਉ ਤੋਂ ਟੇਕ ਲੈਣੀ ਚਾਹੀਦੀ ਹੈ, ਇਕ ਸੀਮਤ ਵਿਚਾਰ ਹੈ। ਇਹ ਸੀਮਤ ਵਿਚਾਰ ਗੁਰਬਾਣੀ ਅਥਾਹ ਸਮੁੰਦ ਸਾਗਰ ਵਿਚ ਇਸ਼ਨਾਨ ਕਰਨ ਵੇਲੇ ਗੁੰਮ ਹੋ ਜਾਵੇਗੀ। ਗੁਰਬਾਣੀ ਦੇ ਆਪ ਮੁਹਾਰੇ ਉਠੇ ਤਰੰਗ ਕੀਰਤਨੀਏ ਨੂੰ ਅੰਮ੍ਰਿਤ ਸਾਗਰ ਵਿਚ ਖੁਲ੍ਹਾ ਇਸ਼ਨਾਨ ਕਰਨ ਲਈ ਪਰੇਰਨਾ ਦੇਣਗੇ।

ਦਾਸ—ਖਜ਼ਾਨ ਸਿੰਘ (ਡਾਕਟਰ) ਪਿੰਡ ਚੋਹਲਟਾ ਕਲਾਂ



www.AKJ.Org

# ਵਹਿ ਪ੍ਰਗਟਿਓ ਮਰਦ ਅਗੰਮੜਾ......

ਵਲੋਂ :
ਗਿ: ਜਸਮੇਰ ਸਿੰਘ ਜੀ, 'ਪਾਲ'

*

ਡਾਕਟਰ ਟਰੰਪ ਤੇ ਕਨਿੰਘਮ ਲਿਖਦੇ ਹਨ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਪੋਲੀਟੀਕਲ ਕਾਰਨ ਕਰਕੇ ਹੋਈ ਕਿਉਂਕਿ ਗੁਰੂ ਤੇਗ ਬਹਾਦਰ ਜੀ ਦੇ ਅਨੁਆਈਆਂ (ਚੇਲਿਆਂ) ਨੇ ਜੋ ਇਸ ਵੇਲੇ ਤੀਕ ਸ਼ਸਤਰਧਾਰੀ ਹੋ ਚੁਕੇ ਸਨ, ਨੇ ਸਿੱਧਾ ਲੁਟ ਮਾਰ ਦਾ ਰਾਹ ਫੜ ਲਿਆ ਸੀ। ਛਾਪੇ ਮਾਰ ਕੇ ਪੰਜਾਬ ਬਰਬਾਦ ਕਰ ਦਿਤਾ ਸੀ। ਪ੍ਰਸਿਧ ਮੁਸਲਿਮ ਫ਼ਕੀਰ ਹਾਫ਼ਜ਼ ਆਦਮ ਵੀ ਗੁਰੂ ਜੀ ਨਾਲ ਲੁਟ ਮਾਰ ਵਿਚ ਸ਼ਾਮਲ ਸੀ। ਸੋ ਇਸ ਕਰ ਕੇ ਗੁਰੂ ਤੇਗ ਬਹਾਦਰ ਜੀ ਹਕੂਮਤ ਦੇ ਬਾਗ਼ੀ ਸਨ ਦਿੱਲੀ ਵਿਚ ਬੁਲਾ ਕੇ ਸ਼ਹੀਦ ਕਰ ਦਿਤਾ ਗਿਆ। ਅਸੀਂ ਡਾਕਟਰ ਟਰੰਪ ਤੇ ਕਨਿੰਘਮ ਨੂੰ ਪੁਛਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਕਿਹੜੀ ਸਿਆਸਤ ਕਮਾਉਂਦੇ ਸਨ। ਇਹ ਉਹਨਾਂ ਦਾ ਲਿਖਣਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤਾਂ ਨਿਰੋਲ ਧਾਰਮਕ ਕਾਰਨਾਂ ਕਰ ਕੇ ਹੋਈ ਸੀ। ਸ਼ਹਾਦਤ ਨੂੰ ਕਰਵਾਉਣ ਵਾਲੇ ਸਾਰੇ ਕਾਰਨ ਧਰਮ ਨਾਲ ਸਬੰਧਤ ਸਨ। ਗੁਰੂ ਤੇਗ ਬਹਾਦਰ ਸਾਹਿਬ ਦਾ ਧਰਮ ਉਸ ਸਮੇਂ ਸਾਰੇ ਭਾਰਤ ਦਾ ਧਰਮ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੁਤਰ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਆਪਣੇ ਪਿਤਾ ਦੀ ਸ਼ਹਾਦਤ ਦਾ ਜ਼ਿਕਰ ਬਚਿਤਰ ਨਾਟਕ ਵਿਚ ਕਰਦੇ ਹੋਏ ਲਿਖਦੇ ਹਨ ਕਿ ਮੇਰੇ ਪਿਤਾ ਦੀ ਸ਼ਹਾਦਤ ਹਿੰਦੂ ਧਰਮ ਲਈ ਹੋਈ, ਇਸ ਸ਼ਹਾਦਤ ਨੂੰ ਪਾਲੀਟਿਕਸ ਨਾਲ ਜੋੜਨਾ ਗ਼ਲਤੀ ਹੈ :—

ਧਰਮ ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰਰ ਨ ਦੀਆ।
(ਬਚਿਤਰ ਨਾਟਕ)

ਅਸੀਂ ਪ੍ਰਤੱਖ ਤੇ ਸਪਸ਼ਟ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਮੰਨਾਂਗੇ। ਕਨਿੰਘਮ ਤੇ ਟਰੰਪ ਦੇ ਬਿਆਨ ਇੰਨੇ ਪ੍ਰਮਾਣਿਕ ਨਹੀਂ ਆਖੇ ਜਾ ਸਕਦੇ ਜਿੰਨੇ ਕਿ ਗੁਰੂ ਗੋਬਿੰਦ ਸਿੰਘ ਦੇ। ਇਕ ਬੰਦਾ ਜਿਹੜਾ ਆਪਣੇ ਪਿਤਾ ਦੀ ਅੱਖੀਂ ਡਿਠੀ ਸ਼ਹਾਦਤ ਲਿਖਦਾ ਹੈ ਤੇ ਉਸ ਸ਼ਹਾਦਤ ਦਾ ਸਮਕਾਲੀ ਹੈ, ਦੀ ਲਿਖਤ ਨੂੰ ਕਿਵੇਂ ਗਲਤ ਆਖ ਸਕਦੇ ਹਾਂ। ਸਪਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਕਰਵਾਉਣ ਵਾਲੇ ਸਾਰੇ ਕਾਰਨ ਧਾਰਮਕ ਸਨ। ਇਹ ਸ਼ਹਾਦਤ ਧਰਮ ਲੇਖੇ ਹੋਈ।

ਔਰੰਗਜ਼ੇਬ ਜੋ ਦਿਲੀਸਵਰ ਅਰਥਾਤ ਦਿਲੀ ਦਾ ਪਤੀ ਸੀ ਦੇ ਸਿਰ ਨਾਲੋਂ ਗੁਰੂ ਜੀ ਨੇ ਇਸਲਾਮ ਦਾ ਜਾਦੂ ਤੋੜ ਘਤਿਆ। ਜੇਕਰ ਗੁਰੂ ਤੇਗ ਬਹਾਦਰ ਜੀ ਉਸ ਸਮੇਂ ਹਿੰਦ ਦੀ ਚਾਦਰ ਨਾ ਬਣਦੇ ਤਾਂ ਸਾਡੇ ਦੇਸ਼ ਦੀ ਪੁਰਾਣੀ ਸੰਸਕ੍ਰਿਤੀ, ਸਭਿਆਚਾਰ ਤੇ ਧਰਮ ਸਭੇ ਕੁਝ ਇਸਲਾਮ ਵਿਚ ਇਉਂ ਅਲੋਪ ਹੋ ਜਾਂਦੇ ਜਿਵੇਂ ਪਾਣੀ ਵਿਚ ਲੂਣ ਜਾਂ ਖੰਡ ਘੁਲ ਕੇ ਅਲੋਪ ਹੋ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚ ਖਾਲਸੇ ਦਾ ਬੀਜ ਲੁਕਿਆ ਹੋਇਆ ਸੀ। ਗੁਰੂ ਤੇਗ ਬਾਹਦਰ ਦੀ ਸ਼ਹਾਦਤ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਜਬੂਰ ਕਰ ਦਿਤਾ ਸੀ ਕਿ ਉਹ ਹੁਣ ਸ਼ਸਤ੍ਰ-ਧਾਰੀਆਂ ਦੀ ਕੌਮ ਬਣਾਉਣ। ਖਾਲਸੇ ਦੀ ਸਾਜਨਾ ਕਰਨ। ਦਸਵੇਂ ਗੁਰੂ 'ਮਰਦ ਅਗੰਮੜੇ' ਵਰਿਆਮ ਅਕੇਲੇ ਨੇ ਅਕਾਲ ਪੁਰਖ ਤੋਂ ਪੰਥ ਚਲਾਉਣ ਲਈ ਆਗਿਆ ਮੰਗੀ:—



www.AKJ.Org

ਠਾਢਿ ਭਇਓ ਮੈਂ ਜੋਰ ਕਰ
ਬਚਨ ਕਹਾ ਸਿਰ ਨਿਆਇ।
ਪੰਥ ਚਲਹਿ ਤਬ ਜਗਤ ਮਹਿ
ਜਬ ਤੁਮ ਕਰੋ ਸਹਾਇ।

ਸ਼ਹਾਦਤ ਦੋ ਤਰ੍ਹਾਂ ਕੰਮ ਕਰਦੀ ਹੈ। ਪਹਿਲੇ ਤਾਂ ਸ਼ਹਾਦਤ ਦੇਣ ਵਾਲਾ ਆਪਣਾ ਖ਼ੂਨ ਵੀਟ ਕੇ ਚਾਹੁੰਦਾ ਹੈ ਕਿ ਜ਼ਾਲਮ ਦਾ ਪੱਥਰ ਦਿਲ ਪੰਘਲਾਇਆ ਜਾਵੇ। ਮੋਮ ਕੀਤਾ ਜਾਵੇ। ਜ਼ਾਲਮ ਅਗੇ ਆਪਣਾ ਖ਼ੂਨ ਡੋਲ੍ਹ ਕੇ ਉਸ ਨੂੰ ਅਹਿਸਾਸ ਕਰਾਇਆ ਜਾਵੇ ਕਿ ਤੂੰ ਬਿਦੋਸ਼ੇ ਖ਼ੂਨ ਵਿਚ ਹੱਥ ਰੰਗ ਕੇ ਇਕ ਵੱਡੀ ਗਲਤੀ ਕੀਤੀ ਹੈ। ਹੁਣ ਤੈਨੂੰ ਅਗੋਂ ਲਈ ਪਸ਼ਚਾਤਾਪ ਕਰਨਾ ਚਾਹੀਦਾ ਹੈ ਕਿ ਅਗੋਂ ਲਈ ਮਜ਼ਲੂਮ ਦਾ ਖ਼ੂਨ ਨਾ ਡੁਲ੍ਹੇ। ਪਰੰਤੂ ਸ਼ਹਾਦਤ ਦਿਤਿਆਂ ਵੀ ਜੇਕਰ ਜ਼ਾਲਮ ਨਾ ਸਮਝੇ, ਜ਼ੁਲਮ ਹੋਰ ਜ਼ੁਲਮ ਬਣ ਜਾਵੇ, ਉਹ ਖ਼ੂਨ ਵਿਚ ਹੱਥ ਰੰਗ ਕੇ ਵੀ ਪਛਤਾਵਾ ਨਾ ਕਰੇ ਤਾਂ ਫਿਰ ਸ਼ਹੀਦ ਦਾ ਬਿਦੋਸ਼ਾ ਡੁਲ੍ਹਿਆ ਖ਼ੂਨ ਉਸ ਦੇ ਪੈਰੋਕਾਰਾਂ ਵਿਚ ਹਰਕਤ ਕਰ ਜਾਂਦਾ ਹੈ। ਸ਼ਹੀਦ ਦੇ ਪੈਰੋਕਾਰਾਂ ਨੂੰ ਉਸਦੀ ਸ਼ਹਾਦਤ ਗਰਮ ਕਰ ਦਿੰਦੀ ਹੈ ਕਿ ਉਹ ਹੁਣ ਟਿਕ ਕੇ ਨਾ ਬੈਠਣ। ਪਰੇਰਨਾ ਨਾਲ ਕੰਮ ਨਹੀਂ ਚਲਿਆ। ਹੁਣ ਹਥਿਆਰ ਨਾਲ ਜ਼ਾਲਮ ਦੇ ਜ਼ੁਲਮ ਕਰਨ ਵਾਲਾ ਹੱਥ ਕੱਟ ਦਿਤਾ ਜਾਵੇ। ਤਲਵਾਰ ਨਾਲ ਉਸ ਦੇ ਜ਼ੁਲਮੀ ਸੀਨੇ ਨੂੰ ਠੰਢਾ ਕਰ ਦਿਤਾ ਜਾਵੇ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਜੇ ਜ਼ੁਲਮ ਨੂੰ ਪ੍ਰੇਰਨਾ ਨਹੀਂ ਦੇ ਸਕੀ ਤਾਂ ਦੂਜੇ ਪਾਸੇ ਸਿਖਾਂ ਨੂੰ ਗਰਮ ਜ਼ਰੂਰ ਕਰ ਗਈ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਸੁਰਖਾਬ ਪੰਛੀ ਵਾਂਗ ਸੀ। ਸੁਰਖਾਬ ਇਕ ਪੰਛੀ ਹੈ ਜੋ ਆਪਣੇ ਮਰਨ ਤੋਂ ਪਹਿਲੇ ਤੀਲੇ ਕੱਠੇ ਕਰ ਲੈਂਦਾ ਹੈ ਤੇ ਫਿਰ ਬਲਦੀ ਹੋਈ ਅੱਗ ਵਿਚ ਆਪ ਬੈਠ ਜਾਂਦਾ ਹੈ ਤੇ ਜਲ ਜਾਂਦਾ ਹੈ। ਅੱਗ ਵਿਚ ਸੜਨ ਤੋਂ ਮਗਰੋਂ ਸੁਆਹ ਦੀ ਢੇਰੀ ਵਿਚੋਂ ਇਕ ਆਂਡਾ ਨਿਕਲਦਾ ਹੈ। ਆਂਡੇ ਵਿਚੋਂ ਇਕ ਬੱਚਾ ਫੁਟਦਾ ਹੈ। ਉਹ ਬੱਚਾ ਨਿਕਲਦਿਆਂ ਹੀ ਅਸਮਾਨ ਵਿਚ ਉਡਾਰੀ ਮਾਰ ਜਾਂਦਾ ਹੈ, ਮੁੜ ਧਰਤੀ ਤੇ ਨਹੀਂ ਆਉਂਦਾ। ਇਵੇਂ ਹੀ ਗੁਰੂ ਤੇਗ ਬਹਾਦਰ ਨੇ ਸੁਰਖਾਬ ਵਾਂਗ ਆਪਣੀ ਸ਼ਹਾਦਤ ਦਾ ਪ੍ਰੋਗਰਾਮ ਕੀਤਾ। ਆਪਣੀ ਸ਼ਹਾਦਤ ਤੋਂ ਪਹਿਲਾਂ ਪਹਿਲਾਂ ਖ਼ੁਸ਼ੀ ਖ਼ੁਸ਼ੀ ਗੀਤ ਗਾਏ। ਸ਼ਬਦ ਕੌਤਕ ਆਪ ਰਚਿਆ। ਆਪਣੇ ਵਾਹਿਗੁਰੂ ਨੂੰ ਸ਼ਹਾਦਤ ਤੋਂ ਪਹਿਲੇ ਯਾਦ ਕੀਤਾ। ਚਾਂਦਨੀ ਚੌਕ ਵਿਚ ਆਪ ਬੈਠ ਕੇ ਕੁਰਬਾਨੀ ਦਿੱਤੀ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਮਗਰੋਂ ਇਸ ਸ਼ਹਾਦਤ ਵਿਚੋਂ ਖ਼ਾਲਸੇ ਦਾ ਬੱਚਾ ਨਿਕਲਿਆ ਜੋ ਧਰਤੀ ਦੀ ਚੀਜ਼ ਨਹੀਂ ਰਹੀ। ਜੋ ਉੱਚੇ ਅਕਾਸ਼ ਵਿਚ ਉਡਾਰੀਆਂ ਮਾਰਨ ਲੱਗਾ। ਮੁਗਲ ਰਾਜ ਇਸ ਦਾ ਮਲੀਆਮੇਟ ਨਾ ਕਰ ਸਕਿਆ ਇਸ ਨੂੰ ਜ਼ਮੀਨ ਤੇ ਨਾ ਲਿਆ ਸਕਿਆ। ਇਹ ਸਦਾ ਉੱਚੇ ਹੀ ਅਕਾਸ਼ ਉਡਾਰੀਆਂ ਲਾਉਂਦਾ ਰਿਹਾ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿਖ ਕੌਮ ਨੂੰ ਹਲੂਣਾ ਦਿਤਾ, ਟੁੰਬਿਆ ਤੇ ਜਗਾਇਆ। ਲਾਲਾ ਦੌਲਤ ਰਾਇ ਡੇਰਾ ਗਾਜ਼ੀ ਖ਼ਾਂ ਲਿਖਦਾ ਹੈ ਜੇਕਰ ਗੁਰੂ ਤੇਗ ਬਹਾਦਰ ਜੀ ਉਸ ਭਿਆਨਕ ਸਮੇਂ ਜ਼ਾਲਮ ਹਕੂਮਤ ਦੀ ਸਟੇਜ ਉਤੇ ਆ ਕੇ ਸ਼ਹਾਦਤ ਨਾ ਦਿੰਦੇ ਤਾਂ ਸੰਭਵ ਸੀ ਕਿ ਹਿੰਦੂ ਧਰਮ ਦਾ ਦੀਵਾ ਸਦਾ ਲਈ ਬੁਝ ਜਾਂਦਾ।

ਇਤਿਹਾਸ ਗਵਾਹ ਹੈ ਕਿ ਗੁਰੂ ਤੇਗ ਬਹਾਦਰ ਜੀ ਤੋਂ ਬਿਨਾਂ ਉਸ ਸਮੇਂ ਦੇਸ਼ ਨੂੰ ਭਵਜਲਾਂ ਦੀ ਬੇੜੀ ਵਿਚੋਂ ਕੋਈ ਨਹੀਂ ਸੀ ਕਢ ਰਿਹਾ :—

ਗਵਰ ਬਿਨਾ ਆਨ ਨਹੀਂ ਕੋਈ।
ਸਮਰਥ ਬਲੀ ਜੋ ਰਖਯਕ ਹੋਈ।
ਏਕ ਆਸਰਾ ਆਪ ਗੁਸਾਈ।
ਗਹੁ ਬਾਹੁ ਬੂਡਤ ਸਭ ਜਾਈ।

(ਸੂਰਜ ਪ੍ਰਕਾਸ਼ ਵਿਚੋਂ)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਘ ਸੁਦੀ ਪੰਜ ਸੰਮਤ 1732 ਨੂੰ ਜੀਅ ਦਾਨ ਦੇਣ ਵਾਲਾ ਬੜੂ ਕਾਲ ਮਹਾਨ ਸਾਕਾ ਕੀਤਾ। ਇਹ ਤਾਂ ਦੇਖਿਆ ਗਿਆ ਹੈ ਕਾਤਲ ਮਕਤੂਲ ਕੋਲ ਚਲ ਕੇ ਜਾਂਦਾ ਹੈ ਪਰੰਤੂ ਇਹ ਕਿਸੇ ਨੇ ਨਹੀਂ ਵੇਖਿਆ ਕਿ ਮਕਤੂਲ ਆਪ ਕਾਤਲ ਕੋਲ ਚਲ ਕੇ ਆਇਆ ਹੋਵੇ। ਜੇ ਇਸ ਦੀ ਮਿਸਾਲ



www.AKJ.Org

ਹੈ ਤਾਂ ਸਿਰਫ਼ ਇਕੋ ਗੁਰੂ ਤੇਗ ਬਹਾਦਰ ਦੀ ਹੈ ਜਿਥੇ ਮਕਤੂਲ ਘਰੋਂ ਚਲ ਕੇ ਕਾਤਲ ਕੋਲ ਪੁਜਾ ਤੇ ਆਪਣਾ ਸਿਰ ਦਿਤਾ। ਇਹ ਇਕ ਬੇਮਿਸਾਲ ਚੀਜ਼ ਹੈ। ਆਪਣੇ ਸਿਧਾਂਤ ਲਈ ਤਾਂ ਦੁਨੀਆਂ ਮਰਦੀ ਵੇਖੀ ਗਈ ਹੈ ਪਰੰਤੂ ਦੂਜੇ ਦੇ ਤਿਲਕ ਜੰਞੂ ਲਈ ਆਪਾ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਵਾਰਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਸਮੇਂ ਭਾਰਤ ਵਰਸ਼ ਦੀ ਅਤੀ ਭਿਆਨਕ ਦੁਸਦਸ਼ਾ ਹੋ ਚੁੱਕੀ ਸੀ। ਧਾਰਮਕ ਤੇ ਰਾਜਸੀ ਅਤਿਆਚਾਰਾਂ ਦਾ ਪਹਿਰਾ ਸੀ। ਕਿਧਰੇ ਨਾਵਾਂ ਦੇ ਥਾਂ ਤੇ ਅਤਿਆਚਾਰ ਹੋ ਰਹੇ ਸਨ ਕਿਧਰੇ ਥਾਵਾਂ ਦੇ ਥਾਂ ਤੇ। ਕਿਧਰੇ ਪਾਸੇ ਇਸਲਾਮ ਦੇ ਨਾਂ ਤੇ ਜਨੂੰਨੀ ਅਤਿਆਚਾਰ ਹੋ ਰਹੇ ਸਨ। ਉਸ ਸਮੇਂ ਹਿੰਦੁਸਤਾਨ ਦੀ ਅਜ਼ਾਦੀ ਕੁਝ ਲੋਕਾਂ ਦੇ, ਮੀਰਾਂ ਜਾ ਖਾਨਾਂ, ਸੁਲਤਾਨਾਂ, ਤੁਗਲਕਾਂ ਦੇ ਹੱਥ ਵਿਚ ਸੀ। ਢੱਕੀ ਰਿਝਦੀ ਸੀ, ਕੋਈ ਨਹੀਂ ਬੁਝਦਾ ਸੀ। ਬਰਾਹਮਣ ਸ਼੍ਰੇਣੀਆਂ ਦਾ ਨੀਵੀਆਂ ਜਾਤਾਂ ਵਾਲਿਆਂ ਨਾਲ ਬੜਾ ਕੋਝਾ ਵਤੀਰਾ ਸੀ। ਅਛੂਤ ਮੰਦਰਾਂ ਵਿਚ ਨਹੀਂ ਸਨ ਜਾ ਸਕਦੇ। ਉਹਨਾਂ ਦੇ ਨਾਲ ਸਪਰਸ਼ ਕਰਨਾ ਨਰਕਾਂ ਦਾ ਭਾਗੀ ਬਣਾ ਦਿੰਦਾ ਸੀ। ਹਿੰਦੂ ਸਮਾਜ ਜਾਤਾਂ ਗੋਤਾਂ ਵਿਚ ਵੰਡਿਆ ਹੋਇਆ ਸੀ ਫਿਰ ਹਰ ਕਬੀਲਾ ਇਕ ਦੂਜੇ ਤੇ ਅੱਡ ਸੀ। ਇਸ ਵਿਚ ਸ਼ਕ ਨਹੀਂ ਕਿ ਰਾਜਪੂਤਾਂ ਜਿਹੀ ਬਹਾਦਰ ਕੌਮ ਵੀ ਦੇਸ਼ ਵਿਚ ਸੀ ਪਰੰਤੂ ਉਹਨਾਂ ਦੀ ਬਹਾਦਰੀ ਉਹਨਾਂ ਵਿਚ ਫੁਟ ਹੋਣ ਦੇ ਕਾਰਨ ਨਾ ਹੋਣ ਦੇ ਬਰਾਬਰ ਸੀ ਉਹ ਆਪਸ ਵਿਚ ਲੜਦੇ ਰਹਿੰਦੇ ਸਨ। ਰਾਜਪੂਤ ਰਾਜੇ ਆਪੋ ਆਪਣੀਆਂ ਫੌਜਾਂ ਲੈ ਕੇ ਦੁਸ਼ਮਣ ਦੇ ਖ਼ਿਲਾਫ਼ ਤਾਂ ਲੜਦੇ ਸਨ ਪਰ ਸਾਂਝੇ ਹਿਤ ਮੂਲੋਂ ਹੀ ਉਹਨਾਂ ਦੇ ਅਡਰੇ ਸਨ। ਇਕ ਰਾਜਾ ਦੂਜੇ ਰਾਜੇ ਦੀ ਚੜ੍ਹਦੀ ਕਲਾ ਵੇਖ ਕੇ ਖੁਣਸ ਖਾਂਦਾ ਸੀ। ਸਦਾ ਆਪਣੇ ਗੁਆਂਢ ਨਾਲ ਹੀ ਮੁਠਭੇੜ ਖੜੀ ਕਰ ਰਖਦਾ ਸੀ। ਰਾਜਪੂਤ ਸ਼ਾਹੀ ਦੀ ਜਿੰਨੀ ਤਲਵਾਰ ਬਿਗਾਨਿਆਂ ਤੇ ਚਲਦੀ ਸੀ ਉਸ ਤੋਂ ਵਧ ਆਪਣਿਆਂ ਉਤੇ ਚਲਦੀ ਸੀ। ਉਹ ਈਰਖਾ ਤੇ ਫੁਟ ਦਾ ਸ਼ਿਕਾਰ ਬਣੇ ਰਹਿੰਦੇ ਸਨ, ਸ਼ੂਦਰ ਲੋਕਾਂ ਨੂੰ ਉਪਰਲੀਆਂ ਸ਼੍ਰੇਣੀਆਂ ਦੇ ਲੋਕ ਵਗਾਰ ਵਿਚ ਹੱਕ ਲੈਂਦੇ ਸਨ, ਜਿਸ ਰਾਹੋਂ ਸ਼ੂਦਰ ਲੰਘ ਜਾਵੇ ਉਹ ਰਾਹ ਭਿਟਿਆ ਜਾਂਦਾ ਸੀ। ਜੇ ਸੱਚ ਪੁਛੋ ਤਾਂ ਸ਼ੂਦਰਾਂ ਨੂੰ ਬ੍ਰਾਹਮਣ ਸ਼੍ਰੇਣੀ ਨੇ ਮਿੱਟੀ ਵਿਚ ਮਿਲਾ ਕੇ ਰੱਖ ਦਿਤਾ ਸੀ। ਉਹਨਾਂ ਦੀ ਕੋਈ ਅਵਾਜ਼ ਨਹੀਂ ਸੀ ਰਹਿ ਗਈ। ਇਕ ਇਤਿਹਾਸਕਾਰ ਲਿਖਦਾ ਹੈ ਕਿ ਭਾਈਚਾਰਕ ਅਤਿਆਚਾਰ ਰਾਜਸੀ ਅਤਿਆਚਾਰਾਂ ਨਾਲੋਂ ਵਧੇਰੇ ਹਾਨੀਕਾਰਕ ਹੁੰਦੇ ਹਨ। ਰਾਜਸੀ ਅਤਿਆਚਾਰ ਤਾਂ ਕਦੇ ਕਦੇ ਹੁੰਦੇ ਹਨ ਪਰ ਭਾਈਚਾਰਕ ਅਤਿਆਚਾਰਾਂ ਦਾ ਸਬੰਧ ਤਾਂ ਖੂਹ ਤੋਂ ਪਾਣੀ ਭਰਨ ਤੀਕ ਹੈ। ਜੰਮਣ ਤੋਂ ਮਰਨ ਤੀਕ ਹੈ। ਰੋਟੀ ਬੇਟੀ ਦੀ ਸਾਂਝ ਤੀਕ ਹੈ। ਅਸਲੀ ਧਰਮ ਦੀ ਥਾਂ ਕੁਧਰਮ ਲਈ ਬੈਠਾ ਸੀ। ਦੇਸ਼ ਧੋਖੇਬਾਜ਼ਾਂ, ਫਰੇਬੀਆਂ, ਵਿਸ਼ਵਾਸਘਾਤੀਆਂ ਨਾਲ ਅਟਿਆ ਪਿਆ ਸੀ। ਦੇਸ਼ ਵਿਚ ਮੂਰਤੀ ਪੂਜਾ ਦਾ ਹਦੋਂ ਪਰੇ ਜ਼ੋਰ ਸੀ। ਬਾਲ ਵਿਆਹ ਤੇ ਸਤੀ ਦਾ ਰਿਵਾਜ ਆਮ ਸੀ। ਹਜ਼ਾਰਾਂ ਇਸਤਰੀਆਂ ਆਪਣੇ ਪਤੀ ਦੇ ਨਾਲ ਚਿਖਾ ਵਿਚ ਸੜਕੇ ਮਰ ਜਾਂਦੀਆਂ ਸਨ। ਹਿੰਦੁਸਤਾਨ ਦੀ ਪੱਤ ਆਬਰੂ, ਇੱਜ਼ਤ, ਸਵੈਮਾਨ ਮਿੱਟੀ ਘਟੇ ਵਿਚ ਰੁਲ ਰਿਹਾ ਸੀ, ਲੋਕਾਂ ਵਿਚ ਅੰਧ ਵਿਸ਼ਵਾਸ ਸੀ, ਕੋਈ ਲਿੰਗ ਦੀ ਪੂਜਾ ਕਰਦਾ ਸੀ ਕੋਈ ਗਰੜ ਦੀ। ਕੋਈ ਸੱਪਾਂ ਨੂੰ ਪੂਜਦਾ ਸੀ, ਕੋਈ ਬੇਜਾਨ ਮੂਰਤੀਆਂ ਨੂੰ। ਕੋਈ ਸੂਰਜ ਦੀ ਪੂਜਾ ਕਰਦਾ ਸੀ ਕੋਈ ਪਿੱਪਲਾਂ ਦੀ। ਅੰਨੇਵਾਹ ਲੋਕਾਂ ਨੇ ਹਰ ਕੰਮ ਨੂੰ ਧਰਮ ਬਣਾ ਲਿਆ ਸੀ। ਅਸਲ ਧਰਮ ਤੋਂ ਲੋਕ ਦੁਰਾਡੇ ਜਾ ਰਹੇ ਸਨ, ਜ਼ਮਾਨਾ ਛੁਰੀ ਬਣ ਚੁਕਾ ਸੀ, ਸਤੀ ਤੋਂ ਬਗੈਰ ਹਿੰਦੂਆਂ ਵਿਚ ਪਰਦੇ ਦਾ ਰਿਵਾਜ ਆਮ ਸੀ। ਰਿਸ਼ਵਤ ਦਾ ਜ਼ੋਰ ਸੀ, ਕੂੜ ਦੀ ਅਮਾਵਸ ਵਿਚ ਸੱਚ ਚੰਦਰਮਾ ਛੁਪ ਚੁਕਾ ਸੀ, ਬਹੁਤੇ ਹਿੰਦੂ ਦੇਵੀ-ਪੂਜ ਸਨ, ਇਸਲਾਮ ਵਾਲੇ ਆਪਣੇ ਧਰਮ ਨੂੰ ਲੋਕਾਂ ਵਿਚ ਵਾਹੋ-ਦਾਹੀ ਫੈਲਾ ਰਹੇ ਸਨ, ਪਹਿਲੇ ਉਹਨਾਂ ਨੇ ਇਹ ਪ੍ਰਚਾਰ ਨਾਲ ਆਰੰਭਿਆ ਫਿਰ ਇਸੇ ਕੰਮ ਨੂੰ ਤਲਵਾਰ ਨਾਲ ਚਾਲੂ ਰਖਿਆ। ਮੰਦਰਾਂ ਤੇ ਠਾਕੁਰ ਦੁਆਰਿਆਂ ਨੂੰ ਢਾਹ ਕੇ ਉਤੇ ਮਸਜਿਦਾਂ ਬਣਾਈਆਂ



www.AKJ.Org

ਜਾਂਦੀਆਂ ਸਨ, ਮੁਸਲਮਾਨਾਂ ਵਿਚ ਸੂਫੀ ਫਕੀਰ ਆਪਣੇ ਤਕੀਆਂ ਤੇ ਮਜ਼ਾਰਾਂ ਦੀ ਪੂਜਾ ਕਰਵਾ ਰਹੇ ਸਨ, ਸਾਧੂ ਸੰਤ ਗ੍ਰਿਹਸਤੀਆਂ ਨੂੰ ਗ੍ਰਿਹਸਤ ਤੋਂ, ਭੋਗ ਤੋਂ ਉਚਾਟ ਕਰ ਰਹੇ ਸਨ ਤੇ ਇਹ ਉਪਦੇਸ਼ ਦਿਤੇ ਜਾਂਦੇ ਸਨ ਕਿ ਗ੍ਰਿਹਸਤ ਬੰਧਨ ਰੂਪ ਹੈ। ਕੋਈ ਵੀ ਧਰਮ, ਕੌਮ ਜਾਂ ਸਮਾਜ ਜਾਂ ਸਾਂਝੇ ਹਿਤ ਜਾਂ ਸਾਂਝੇ ਇਰਾਦੇ ਹਿੰਦ ਵਾਸੀਆਂ ਨੂੰ ਮੁਠ ਨਹੀਂ ਸਨ ਰਹੇ। ਲੋਕਾਂ ਵਿਚ ਅਹਿੰਸਾਵਾਦ ਦੇ ਗਲਤ ਵਿਚਾਰ ਆ ਵੜੇ ਸਨ। ਇਹ ਸਭ ਬੁੱਧ ਮੱਤ ਵਾਲਿਆਂ ਦੇ ਵਿਚਾਰ ਸਾਡੇ ਦੇਸ਼ ਵਾਸੀਆਂ ਨੇ ਅਪਣਾਏ ਹੋਏ ਸਨ। ਹਿੰਦੂ ਆਮ ਕਿਹਾ ਕਰਦੇ ਸਨ ਕਿ ਜ਼ਾਲਮਾਂ ਨੂੰ ਸਜ਼ਾ ਰੱਬ ਆਪ ਦੇਵੇਗਾ। ਸਾਨੂੰ ਸਜ਼ਾ ਦੇਣ ਦੀ ਕੀ ਲੋੜ ਹੈ? ਜ਼ਾਲਮ ਨੂੰ ਉਸ ਦੇ ਪਾਪ ਨੇ ਹੀ ਮਾਰ ਦੇਣਾ ਹੈ, ਸਾਨੂੰ ਜ਼ਾਲਮ ਨੂੰ ਸਜ਼ਾ ਦੇਣ ਦੀ ਲੋੜ ਨਹੀਂ। ਜ਼ਾਲਮ ਤੇ ਹੱਥ ਨਾ ਚੁਕੋ ਜੋ ਕਰਦਾ ਹੈ ਕਰਨ ਦਿਉ॥ ਆਖਰ ਉਹ ਆਪ ਹੀ ਹੱਟ ਜਾਵੇਗਾ।

ਬਦੇਸ਼ੀ ਜਰਵਾਣਿਆਂ ਦੇ ਝਖੜ ਦੇਸ਼ ਉਤੇ ਝੁਲਦੇ ਰਹਿੰਦੇ ਸੀ। ਪੰਜਾਬੀ ਸਾਹਿਤ ਬਹੁਤਾ ਕਰਕੇ ਵਾਰਾਂ ਵਿਚ ਇਸ ਕਰਕੇ ਹੈ ਕਿ ਬਿਦੇਸ਼ੀਆਂ ਦੇ ਹੱਲੇ ਦੇਸ਼ ਉਤੇ ਹੁੰਦੇ ਰਹੇ। ਖਾਸ ਕਰਕੇ ਪੰਜਾਬ ਦਾ ਪੱਛਮ ਵਲੋਂ ਬੂਹਾ ਸੀ, ਸੋ ਵੈਰੀ ਬੂਹੇ ਨੂੰ ਹੀ ਪਹਿਲਾਂ ਖੜਕਾਉਂਦੇ ਸਨ। ਭਾਰਤ ਵਿਚ ਧਾੜਵੀਂ ਅੰਨੇ ਵਾਹ ਦਾਖਲ ਹੁੰਦੇ ਸਨ। ਕਦੇ ਤੇਮੂਰ ਆ ਗਿਆ, ਕਦੇ ਨਾਦਰ ਆ ਗਿਆ, ਕਦੇ ਅਬਦਾਲੀ। ਸੋ ਉਸ ਸਮੇਂ ਕਵੀਆਂ ਨੂੰ ਵਾਰ-ਸਾਹਿਤ ਲਿਖਣ ਦਾ ਹੁਲਾਰਾ ਮਿਲਦਾ ਸੀ। ਆਪਣੇ ਦੁੱਖਾਂ ਦੇ ਧਰਵਾਸ ਕਢਣ ਲਈ ਪੰਜਾਬੀਆਂ ਨੇ ਵਾਰਾਂ ਲਿਖੀਆਂ। ਜਿਵੇਂ ਕਿ ਨਜਾਬਤ ਨੇ ਨਾਦਰਸ਼ਾਹ ਦੀ ਵਾਰ, ਪੀਰ ਮੁਹੰਮਦ ਨੇ ਚੱਠਿਆਂ ਦੀ ਵਾਰ, ਜਸੋਦਾ ਨੰਦਨ ਨੇ ਕਾਨ ਭਗਵਾਨ ਦੀ ਵਾਰ, ਅਗਰੇ ਸੇਠੀ ਨੇ ਹਕੀਕਤ ਰਾਇ ਦੀ ਵਾਰ ਲਿਖੀ। ਅਬਦਾਲੀ ਤੇ ਨਾਦਰ ਵਰਗੇ ਹਮਲਾਆਵਰਾਂ ਨੇ ਤਾਂ ਪਰਲੋ ਈ ਲੈ ਆਂਦੀ ਸੀ। ਉਸ ਸਮੇਂ ਆਮ ਅਖਾਣ ਪ੍ਰਚਲਤ ਸੀ—

"ਖਾਧਾ ਪੀਤਾ ਲਾਹੇ ਦਾ,
ਰਹਿੰਦਾ ਅਹਿਮਦ ਸ਼ਾਹੇ ਦਾ।"

ਹਰ ਬੰਦੇ ਦੇ ਹੱਥ ਤਲਵਾਰ ਸੀ। ਘਰੋਂ ਘਰੀਂ ਨਵੀਂ ਸਰਕਾਰ ਬਣ ਚੁਕੀ ਸੀ। ਤੁਗਲਕਾਂ, ਸਈਅਦਾਂ, ਲੋਧੀਆਂ, ਸੁਲਤਾਨਾਂ, ਖਾਨਾਂ, ਮੀਰਾਂ, ਨਵਾਬਾਂ ਨੇ ਪਾਸਾ ਪਲਟ ਵਾਲੀ ਜੁੱਗ ਗਰਦੀ ਫੈਲਾ ਰੱਖੀ ਸੀ। ਭਾਰਤ ਦਾ ਢਾਂਚਾ ਸਮਾਜਕ ਤੌਰ ਤੇ, ਰਾਜਨੀਤਕ ਤੌਰ ਤੇ, ਧਾਰਮਕ ਤੌਰ ਤੇ ਮਾਨੋ ਡੋਲੇ ਖਾ ਰਿਹਾ ਸੀ। ਔਰੰਗਜ਼ੇਬ ਦਾ ਸਮਾਂ ਆਇਆ ਇਸਲਾਮ ਤੇ ਮੌਤ ਚੋਂ ਇਕ ਦੀ ਚੋਣ ਹੋਣ ਲੱਗੀ। ਹਿੰਦੂ ਸੰਸਕ੍ਰਿਤੀ ਨੂੰ ਰੁੜਿਆ ਜਾਂਦਾ ਵੇਖ ਕੇ ਮਨੁਖਤਾ ਦੇ ਆਗੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੀਸਰੇ ਪੰਥ ਦੀ ਜੋ ਹਿੰਦੂ ਮੁਸਲਮਾਨ ਤੋਂ ਨਿਆਰਾ ਸੀ, ਦੀ ਬੁਨਿਆਦ ਰੱਖੀ। (ਚਲਦਾ)

## ਗੁ: ਫਲਾਹੀ ਸਾਹਿਬ ਵਿਖੇ ਅਖੰਡ ਕੀਰਤਨ ਸਮਾਗਮ ਦਾ ਪਰੋਗਰਾਮ

੨੪–੧੦–੭੦ ਅਤੇ ੨੫–੧੦–੭੦ ਦੀ ਵਿਚਕਾਰਲੀ ਰਾਤ ਨੂੰ ਰੈਣ ਸਬਾਈ ਅਖੰਡ ਕੀਰਤਨ ਸਮਾਗਮ ਸਤਿਗੁਰੂ ਦੀ ਬਖਸ਼ਿਸ਼ ਨਾਲ ਬੜੀ ਚਲਦੀ ਕਲਾ ਵਿਖੇ ਹੋ ਰਿਹਾ ਹੈ। ਸੋ ਸਰਬਤ ਗੁਰੂ ਪਿਆਰਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁਮ ਹੁਮਾਕੇ ਦਰਸ਼ਨ ਦਿਉ ਅਤੇ ਪਵਿਤ੍ਰ ਗੁਰਬਾਣੀ ਦੇ ਅੰਮ੍ਰਿਤ ਕੀਰਤਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਅਨੰਦ ਮਾਣੋ।

ਨੋਟ:—ਗੁਰਦਵਾਰਾ ਫਲਾਹੀ ਸਾਹਿਬ ਲੁਧਿਆਣਾ–ਅਹਿਮਦਗੜ੍ਹ ਸੜਕ ਤੇ ਨਹਿਰ ਅਬੋਹਰ ਬਰਾਂਚ, ਅੱਡੇ ਤੋਂ ਸਿਰਫ ਅੱਧਾ ਮੀਲ ਹੈ ਅਤੇ ਸਟੇਸ਼ਨ ਕਿਲ੍ਹਾ ਰਾਇਪੁਰ ਤੇ ਸਟੇਸ਼ਨ ਜਸੋਵਾਲ ਦੇ ਬਿਲਕੁਲ ਦਰਮਿਆਨ ਹੈ, ਸੋ ਬਸਾਂ ਰਾਹੀਂ ਜ਼ਿਆਦਾ ਠੀਕ ਹੈ, ਬਸ ਅੱਡੇ ਤੋਂ ਸਿਰਫ ਅੱਧਾ ਮੀਲ ਹੈ।

ਪੁਛਗਿੱਛ ਲਈ:—ਮਾਸਟਰ ਉਜਾਗਰ ਸਿੰਘ, ਪਿੰਡ ਫਰਵਾਲੀ, ਡਾਕਘਰ ਲੋਹਟਬੱਦੀ, ਜ਼ਿਲਾ ਸੰਗਰੂਰ।



www.AKJ.Org

# ਮਾਈ ਮਾਇਆ ਛਲੁ

ਵਲੋਂ :
ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ

ਵਖੋ ਵਖਰੇ ਧਰਮਾਂ ਦੇ ਖੋਜੀਆਂ ਤੇ ਆਗੂਆਂ ਨੇ ਜਿਥੇ ਵਾਹਿਗੁਰੂ ਦੀ ਹੋਂਦ ਤੇ ਰੂਪ ਰੰਗ ਦੀ ਖੋਜ ਭਾਲ ਵਿਚ ਟੱਕਰਾਂ ਮਾਰੀਆਂ ਤੇ ਅਖੀਰ ਥਕ ਕੇ ਨੇਤ (ਨ+ਇਤੀ) ਦਾ ਸ਼ਬਦ ਹੀ ਕਹਿ ਸਕੇ ਉਥੇ ਨਾਲ ਹੀ ਨਾਲ ਉਸਦੀ ਰਚਨਾ ਦੇ ਬਾਰੇ ਵੀ ਖੋਜ ਕਰਦਿਆਂ ਕਰਦਿਆਂ ਵੀ ਉਨ੍ਹਾਂ ਨੂੰ ਸਿਰਜਨਹਾਰ ਦੀ ਸ੍ਰਿਸ਼ਟੀ ਦਾ ਕੋਈ ਭੇਦ ਪਤਾ ਨ ਲਗ ਸਕਿਆ ਪਰ ਜਿਥੋਂ ਤਕ ਉਨ੍ਹਾਂ ਦੀ ਅਕਲ ਦੇ ਘੋੜਿਆਂ ਦੀ ਦੌੜ ਅਪੜ ਸਕੀ ਉਹ ਉਸਦੀ ਰਚਨਾ ਬਾਰੇ ਇਹੋ ਹੀ ਕਹਿ ਸਕੇ ਕਿ ਜਿੰਨੀ ਮਗਜ਼ਮਾਰੀ ਕਰੋ ਉਸ ਦਾਤੇ ਦੀ ਰਚਨਾ ਦਾ ਭੇਦ ਵੀ ਪਰੇ ਤੋਂ ਪਰੇ ਹੀ ਹੈ। ਪਰ ਜਿਥੋਂ ਤਕ ਉਨ੍ਹਾਂ ਦੀ ਖੋਜ ਦੇ ਨਤੀਜੇ ਦਾ ਸਨਬੰਧ ਹੈ ਉਹ ਜੇ ਅਸੀਂ ਕਹੀਏ ਕਿ ਉਸ ਦੀ ਰਚਨਾ ਬਾਰੇ ਵੀ "ਨ ਦਾ ਬਰਾਬਰ" ਹੀ ਪਤਾ ਕਰ ਸਕੇ ਤੇ ਇਹ ਹੀ ਕਿਹਾ ਕਿ ਸ੍ਰਿਸ਼ਟੀ ਜਿਥੇ "ਸੱਚੇ ਕੀ ਹੈ ਕੋਠੜੀ" ਹੈ ਉਥੇ ਮਾਇਆ ਨਾਲ ਵੀ ਭਰਪੂਰ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਗਲ ਨੂੰ ਸਪਸ਼ਟ ਕਰਦਿਆਂ ਹੋਇਆਂ ਬੜੇ ਖੁਲ੍ਹੇ ਢੰਗ ਨਾਲ ਸਾਡੇ ਦੁਨੀਆਂਦਾਰਾਂ ਵਾਸਤੇ ਸ੍ਰਿਸ਼ਟੀ ਰਚਨਾ ਨੂੰ ਸਮਝਣ ਵਿਚ ਆਸਾਨੀ ਪੈਦਾ ਕਰਨ ਲਈ ਫੁਰਮਾਇਆ ਹੈ—

ਇਹੁ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ।
ਇਕਨ੍ਹਾ ਹੁਕਮਿ ਸਮਾਇ ਲਏ,
ਇਕਨ੍ਹਾ ਹੁਕਮੇ ਕਰੇ ਵਿਣਾਸੁ।
ਇਕਨ੍ਹਾ ਭਾਣੈ ਕਢਿ ਲਏ,
ਇਕਨ੍ਹਾ ਮਾਇਆ ਵਿਚਿ ਨਿਵਾਸੁ।

ਸਾਫ ਜ਼ਾਹਿਰ ਹੈ ਕਿ ਦਾਤੇ ਦਾ "ਹੁਕਮ" ਉਸ ਦਾਤੇ ਦਾ ਉਤਮ ਫੁਰਮਾਨ ਹੈ ਤੇ ਇਸ ਤੋਂ ਉਲਟ ਚਲਨਾ ਯਾ ਕਰਨਾ ਯਾ ਦਾਤਾ ਜਿਸਨੂੰ ਆਪ ਹੁਕਮ ਵਲ ਨ ਲਾਏ ਇਹ ਸਭ ਕੁਝ ਮਾਇਆ ਹੈ ਯਾ ਇਉਂ ਕਹਿ ਲਵੋ ਕਿ ਜੇਹੜੀ ਸ਼ਕਤੀ ਸਾਨੂੰ ਵਾਹਿਗੁਰੂ ਵਲ ਪਰੇਰਦੀ ਹੈ ਉਹ ਸੱਤ ਹੈ ਤੇ ਜੇਹੜੀ ਸ਼ਕਤੀ ਸਾਨੂੰ ਉਸ ਤੋਂ ਦੂਰ ਲੈ ਜਾਂਦੀ ਹੈ ਉਹ "ਮਾਇਆ" ਹੈ ਜਿਸ ਦੇ ਫਲ ਸਰੂਪ ਪਹਿਲੀ ਹਾਲਤ ਵਿਚ ਤੇ ਸੁਖ ਸਹਿਜ ਦੀ ਪ੍ਰਾਪਤੀ ਹੁੰਦੀ ਹੈ ਤੇ ਦੂਜੀ ਹਾਲਤ ਵਿਚ ਭਟਕਨਾ (ਮਨ ਦਾ), ਗੁਮਰਾਹੀ, ਆਤਮਕ ਅਸ਼ਾਨਤੀ ਤੇ ਦਾਤੇ ਤੋਂ ਦੂਰੀ (ਵਿਜੋਗ) ਆਦਿ ਨਤੀਜੇ ਨਿਕਲਦੇ ਹਨ, ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਇਸ ਮਾਇਆ ਦੇ ਅਸਰ ਵਿਚ ਮਨੁਖ ਆਪਣੀ ਅਸਲੀਅਤ ਨੂੰ ਬਿਲਕੁਲ ਭੁਲਾ ਕੇ ਆਪਣੇ ਆਪ ਨੂੰ ਇਸ ਫਾਹੀ ਵਿਚ ਫਸਿਆ ਹੋਇਆ ਦੇਖਦਿਆਂ ਹੋਇਆਂ ਵੀ ਕਦੀ ਗਲਤ ਨਹੀਂ ਕਹਿੰਦਾ। ਇਸ ਹਾਲਤ ਵਿਚ ਮਿਠਾਸ ਮਹਿਸੂਸ ਕਰਦਾ ਹੈ ਜਿਵੇਂ ਗੁੜ ਤੇ ਮੱਖੀ ਬੈਠਕੇ ਭਾਵੇਂ ਆਪਣੇ ਪੈਰ ਫਸਾ ਲੈਂਦੀ ਹੈ ਉਡਣ ਦੀ ਸ਼ਕਤੀ ਵੀ ਗਵਾ ਬੈਠਦੀ ਹੈ। ਠੀਕ ਇਸੇ ਪ੍ਰਕਾਰ ਮਨੁਖ ਮਾਇਆ ਦੇ ਅਸਰ ਵਿਚ ਪੂਰਾ ਗ਼ਲਤਾਨ ਹੋ ਕੇ ਮਨ ਵਿਚ ਮਖੀ ਵਾਙੂ ਗੁੜ ਦਾ ਸਵਾਦ ਪਸੰਦ ਕਰਦਾ ਹੋਇਆ ਮਾਇਆ ਵਿਚ ਫਸਿਆ ਹੀ ਰਹਿੰਦਾ ਹੈ। ਇਹ ਮਾਇਆ ਕੀ ਹੈ? ਇਸਨੂੰ ਸਿਆਣਿਆਂ ਧੋਖਾ, ਫ਼ਰੇਬ, ਸੁਰਾਬ, ਛਲ ਯਾ ਝੋਲਾ ਦੇ ਨਾਵਾਂ ਨਾਲ ਪੁਕਾਰਿਆ ਹੈ। ਗੁਰਮਤਿ ਤੇ ਸਿੱਧਾ ਸਾਫ਼ ਤੇ ਸਪਸ਼ਟ ਤੌਰ ਤੇ ਇਸ ਨੂੰ 'ਨਾਗਨੀ' ਦਾ ਰੂਪ ਕਹਿੰਦੀ ਹੈ। ਮਹਾਵਾਕਾਨੁਸਾਰ—

ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ।
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।



www.AKJ.Org

ਅਰਥਾਤ ਮਾਇਆ ਵਿਚ ਗ਼ਲਤਾਨ ਮਨੁਖ ਜੋ ਮਾਇਆ ਨਾਲ ਜ਼ਿਆਦਾ ਪਿਆਰ ਕਰਦਾ ਹੈ ਅਪਣੀ ਮੌਤ ਯਾ ਤਬਾਹੀ ਨੂੰ ਆਪਣੇ ਆਪ ਹੀ ਬੁਲਾਵਾ ਦੇ ਰਿਹਾ ਹੁੰਦਾ ਹੈ ਇਕ ਆਮ ਸਾਧਾਰਨ ਜੇਹੀ ਗਲ ਹੈ ਕਿ ਸਪੇਰੇ ਦੀ ਮੌਤ ਸੱਪ ਕੋਲੋਂ ਹੀ ਹੁੰਦੀ ਹੈ 'ਸਪੈ ਦੁਧ ਪਿਲਾਈਐ ਵਿਹੁ ਮੁਖ ਤੇ ਸੁਟੈ' ਦੇ ਮੁਤਾਬਕ ਸਪ ਯਾ ਸਪਨੀ ਮਨੁਖ ਕੋਲੋਂ ਖੁਸ਼ਾਮਦ ਤੇ ਸੇਵਾ ਲੈਂਦਿਆਂ ਹੋਇਆਂ ਵੀ ਆਪਣੀ ਖ਼ਸਲਤ ਤੋਂ ਮਜਬੂਰ ਹੋ ਕੇ ਮਨੁਖ ਤੇ ਹੀ ਹਮਲਾ ਕਰਦੇ ਹਨ ਉਹਨਾਂ ਦੇ ਅੰਦਰ ਜਿਵੇਂ ਮਨੁਖ ਦੀ ਸੇਵਾ ਯਾ ਖੁਸ਼ਾਮਦ ਦਾ ਕੋਈ ਪਰਭਾਵ ਨਹੀਂ ਬੈਠਦਾ, ਠੀਕ ਇਸੇ ਤਰ੍ਹਾਂ ਹੀ 'ਮਾਇਆ' ਰੂਪੀ ਨਾਗਨੀ ਵੀ ਮਨੁਖ ਤੇ ਤਰਸ ਨਹੀਂ ਕਰਦੀ, ਤੇ ਨਾ ਹੀ ਕਰ ਸਕਦੀ ਹੈ। ਤਰਸ ਉਸਦੀ ਖਸਲਤ ਵਿਚ ਨਹੀਂ ਲਿਖਿਆ ਹੋਇਆ। ਇਥੇ ਮਾਇਆ ਦੇ ਅਰਥ ਹੋਰ ਸਪਸ਼ਟ ਕਰਨਾ ਜ਼ਰੂਰੀ ਹੈ ਮਾਇਆ ਤੋਂ ਸਾਡਾ ਭਾਵ ਦੁਨੀਆਵੀ ਮਾਇਆ; ਰੁਪਯਾ ਪੈਸਾ ਧਨ ਦੌਲਤ ਹੀ ਨਹੀਂ ਇਹ ਤਾਂ ਸਨਕੁਚਿਤ ਰੂਪ ਵਿਚ ਇਸ ਦਾ ਅਰਥ ਹੈ ਪਰ ਜੇ ਅਸੀਂ ਲੰਮੀ ਤੇ ਵਿਸ਼ਾਲ ਵਿਚਾਰ ਨਾਲ ਇਸ ਨੂੰ ਅਰਥਾਈਏ ਤਾਂ ਇਸ ਮਾਇਆ ਨੂੰ ਇਕ 'ਭੁਲੇਖਾ' ਕਹਿ ਸਕਦੇ ਹਾਂ ਜਿਹੜਾ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਦਿਖਾਵਾ, ਪਰਪੰਚੀ, ਛਲ, ਫ਼ਰੇਬ, ਝੂਠ ਅਤੇ ਹੋਰ ਅਜੇਹੀਆਂ ਕੁਮਾਰਗ ਪਾਉਣ ਵਾਲੀਆਂ ਹਨ। ਜਿਨ੍ਹਾਂ ਦੇ ਪਿਛੇ ਇਕ ਸ਼ਕਤੀ ਹੁੰਦੀ ਹੈ ਜਿਹੜੀ ਕਿ ਇਹਨਾਂ ਨੂੰ ਹਰਕਤ ਵਿਚ ਲਿਆਉਂਦੀ ਤੇ ਭੜਕਾਉਂਦੀ ਹੈ ਤੇ ਇਹਨਾਂ ਨੂੰ ਐਕਸ਼ਨ ਕਰਨ ਲਈ ਮਜਬੂਰ ਕਰਦੀ ਹੈ ਇਹ ਉਹ ਫ਼ੋਰਸ ਹੈ ਜੇਹੜੀ ਮਨੁਖ ਨੂੰ ਕਿਸੇ ਵੀ ਆਤਮਕ ਦਸ਼ਾ ਤੇ ਪਹੁੰਚਣ ਤੇ ਵੀ ਆਪਣੀ ਫ਼ੌਜ ਦੇ ਕਿਸੇ ਰੁਕਨ ਨੂੰ ਮਨੁਖ ਦੇ ਭਰਮਾਉਣ ਲਈ ਹੁਕਮ ਦੇ ਸਕਦੀ ਹੈ। ਸੋ ਮਾਇਆ ਇਸ ਪ੍ਰਕਾਰ ਹੈ, ਇਸ ਦਾ ਕੋਈ ਰੂਪ ਨਹੀਂ, ਇਸ ਨਾਲ ਮਨੁਖ ਪ੍ਰੇਮ ਜ਼ਰੂਰ ਹੀ ਕਰਦਾ ਹੈ, ਫਰਮਾਨ ਹੈ—

ਮਾਇਆ ਮੋਹੁ ਪਰੇਤੁ ਹੈ,
ਕਾਮੁ ਕ੍ਰੋਧੁ ਅਹੰਕਾਰਾ।
ਏਹ ਜਮ ਕੀ ਸਿਰਕਾਰ ਹੈ,
ਏਨਾ ਉਪਰਿ ਜਮ ਕਾ ਡੰਡੁ ਕਰਾਰਾ।

ਨਾਲ ਹੀ ਨਾਲ ਸਾਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਇਹ ਦਾਤੇ ਦੀ ਪੈਦਾ ਕੀਤੀ ਹੋਈ ਹੈ। ਹੁਣ ਸੋਚੀਏ ਕਿ "ਸਚੇ ਕੀ ਕੋਠੜੀ" ਵਿਚ ਇਹ ਕਿਉਂ? ਦਾਤੇ ਦੀ ਅਕਲ ਨਾਲ ਮਨੁਖੀ ਅਕਲ ਦਾ ਕੋਈ ਮੁਕਾਬਲਾ ਨਹੀਂ। ਹਾਂ, ਆਪਣੀ ਕ੍ਰਿਪਾ ਨਾਲ ਜੇ ਉਹ ਮਨੁਖ ਨੂੰ ਆਪਣੀ ਰਚਨਾ ਬਾਰੇ ਕੁਝ ਸਮਝਣ ਦੀ ਸ਼ਕਤੀ ਦੇਵੇ ਤਾਂ ਉਸਦਾ ਲੱਖ ਲੱਖ ਸ਼ੁਕਰ ਹੈ। ਮਨੁਖੀ ਅਕਲ ਇਹ ਕਹਿੰਦੀ ਹੈ ਕਿ ਚੂੰਕਿ ਦਾਤੇ ਨੇ ਆਪਣੇ ਨਾਲ ਅਪਣੇ ਸਾਰੇ ਹੀ ਜੀਵਧਾਰੀਆਂ ਨੂੰ ਮਿਲਾਉਣਾ ਹੈ ਭਾਵੇਂ ਕਿਸੇ ਵੀ ਜਨਮ ਮਗਰੋਂ ਉਸ ਦੀ ਕ੍ਰਿਪਾ ਮਨੁਖ ਤੇ ਹੋ ਜਾਵੇ ਪਰ ਉਸਨੂੰ ਪ੍ਰੀਫ਼ੀਕੇਸ਼ਨ ਤੋਂ ਮਗਰੋਂ ਹੀ, ਆਪਣੇ ਰੂਪ ਵਿਚ ਆਪਣੀ ਸ੍ਰਿਸ਼ਟੀ ਦੇ ਜੀਵਧਾਰੀਆਂ ਨੂੰ ਸਮਾਉਣਾ ਹੈ ਤੇ ਕਰੜੇ ਤੋਂ ਕਰੜੇ ਟੈਸਟ ਪ੍ਰੀਖਿਆ ਵਿਚੋਂ ਕਢ ਕੇ ਹੀ ਜੀਵਧਾਰੀਆਂ ਨੂੰ ਸਾਫ ਕਰਨਾ ਹੈ ਤਾਂ ਤੇ ਫੇਰ ਇਹ ਮਨੁਖ ਦੇ ਭਲੇ ਲਈ ਦਾਤਾਰ ਨੇ ਪੈਦਾ ਕੀਤੀ ਹੈ ਮਨੁਖ ਨੂੰ ਦਾਤੇ ਨੇ ਅਕਲ ਯਾ ਬਿਬੇਕ ਬੁਧੀ ਇਸ ਵਾਸਤੇ ਦਿਤੀ ਹੈ ਕਿ ਸਾਰੇ ਬੰਧਨਾਂ ਵਿਚ ਹੁੰਦਾ ਹੋਇਆ ਵੀ ਆਪਣੇ ਆਪ ਵਿਚ ਕੰਵਲ ਵਾਂਗੂ ਨਿਰਲੇਪਤਾ ਦਾ ਗੁਣ ਪੈਦਾ ਕਰੇ। ਜੇ ਐਸਾ ਕਰੇ ਤਾਂ ਅਪਨਾ ਫਾਇਦਾ ਜਲਦੀ ਲੈ ਲਵੇਗਾ, ਨਹੀਂ ਤਾਂ ਦਾਤਾ ਤਾਂ ਇਸ ਨੂੰ ਪ੍ਰੀਖਿਆਵਾਂ ਵਿਚੋਂ ਪਾਰ ਹੋਣ ਮਗਰੋਂ ਹੀ ਨਾਲ ਮਿਲਾ ਸਕੇਗਾ। ਉਸਦੀ ਕ੍ਰਿਪਾ ਦਾ ਜਿਥੋਂ ਤਕ ਸਬੰਧ ਹੈ ਉਹਦਾ ਕਿਸੇ ਮਨੁਖ ਤੇ ਕਿਸੇ ਵੇਲੇ ਕਿਸੇ ਰੂਪ ਵਿਚ ਹੋ ਸਕਦੀ ਹੈ ਉਦੋਂ ਤਾਂ ਇਕ "ਜਾਗੰਦੇ ਨ ਲਹਿਨ ਇਕਨਾ ਸੁਤਿਆ ਦੇਇ ਉਠਾਲ" ਦੇ ਮੁਤਾਬਕ ਮਿਹਰਾਂ ਹੋ ਹੀ ਜਾਂਦੀਆਂ ਹਨ, ਪਰ ਮਨੁਖ ਲਈ ਇਹ ਸਭ ਚੀਜ਼ਾਂ ਉਸਦੇ ਟੈਸਟ ਹਨ। ਸੋਨਾ, ਭੱਠੀ ਵਿਚੋਂ ਨਿਕਲ ਕੇ ਹੀ ਸਾਫ ਚਮਕਦਾਰ ਤੇ ਕੀਮਤੀ ਬਣਦਾ ਹੈ। ਸੋ ਪਤਾ ਲਗਿਆ ਕਿ ਇਹ ਮਾਇਆ ਉਨ੍ਹਾਂ ਲਈ ਦੁਖਦਾਈ ਹੈ ਜੋ ਗੁਰੂ ਆਗਿਆ ਤੋਂ ਉਲਟ



www.AKJ.Org

ਚਲਦੇ ਹਨ। ਮਨਮਤਿ ਵਿਚ ਖਚਿਤ ਰਹਿੰਦੇ ਹਨ ਤੇ ਇਹ ਸਮਝਦੇ ਹਨ ਕਿ ਇਸ ਸਾਰੀ ਦੁਨੀਆਂ ਦੇ ਪਦਾਰਥ ਸਾਡੇ ਹਨ ਤੇ ਅਸੀਂ ਇਹਨਾਂ ਦੇ ਮਾਲਕ ਹਾਂ। ਇਹ ਸਭ ਧੋਖਾ ਹੈ। ਇਹੀ ਸਭ ਕੁਝ ਮਾਇਆ ਹੈ। ਪਰਾਈ ਵਸਤੂ ਨੂੰ ਆਪਣੀ ਕਰਕੇ ਮੰਨਣਾ ਹੀ "ਮਾਇਆ" ਹੈ। ਗੁਰਮੁਖ ਇਹ ਸਮਝਦਾ ਹੈ ਕਿ ਸੰਸਾਰੀ ਵਸਤੂਆਂ ਮੇਰੀਆਂ ਨਹੀਂ, ਮੇਰੇ ਲਈ ਹਨ। ਮੇਰੇ ਕੋਲ ਅਮਾਨਤ ਹਨ, ਮੈਂ ਇਨ੍ਹਾਂ ਦਾ ਮਾਲਕ ਨਹੀਂ, ਇਨ੍ਹਾਂ ਦਾ ਮਾਲਕ ਦਾਤਾ ਹੈ। ਸੋ ਮੇਰੇ ਲਈ ਇਨਾਂ ਵਿਚ ਖਚਿਤ ਹੋਣਾ (ਮਾਇਆ ਦੇ ਅਸਰ ਥਲੇ ਆਉਣਾ) ਭੁਲ ਹੈ। 'ਮਾਨੁਖ ਬਿਨ ਬੂਝੇ ਬਿਰਥਾ ਆਇਆ' ਵਾਲਾ ਸ਼ਬਦ ਪੂਰੀ ਤਰ੍ਹਾਂ ਮਨੁਖ ਲਈ ਹਦਾਇਤ ਦਾ ਖਜ਼ਾਨਾ ਹੈ ਤੇ ਇਸ ਗਲ ਦਾ ਹੀ ਸੂਚਕ ਹੈ ਕਿ ਮਾਇਆ ਵਿਚ ਖਚਿਤ ਹੋਣਾ ਬੇਕਾਰ ਹੈ। ਇਸ ਮਾਇਆ ਬਾਰੇ ਫੁਰਮਾਨ ਹੈ—

ਮਾਈ ਮਾਇਆ ਛਲੁ,
ਤ੍ਰਿਣ ਕੀ ਅਗਨਿ, ਮੇਘ ਕੀ ਛਾਇਆ
ਗੋਬਿੰਦ ਭਜਨ ਬਿਨੁ, ਹੜ ਕਾ ਜਲੁ।

ਅਰਥਾਤ ਜਿਥੇ ਮਾਇਆ ਵਿਚ ਨਿਰਲੇਪਤਾ ਨਹੀਂ ਉਥੇ ਮਾਇਆ ਦਾ ਵਿਕਾਸਕਾਰੀ ਅਸਰ ਜ਼ਰੂਰ ਹੈ। ਗ੍ਰਹਸਥ ਜੀਵਨ 'ਚ ਮਨੁਖ ਕਦਮ ਕਦਮ ਤੇ ਮਾਇਆ ਨਾਲ ਸਨਮੁਖ ਹੁੰਦਾ ਹੈ ਪਰ ਗੁਰਮੁਖ ਤਾਂ ਸਾਰੀਆਂ ਹਾਲਤਾਂ ਵਿਚੋਂ ਲੰਘਦਾ ਹੋਇਆ ਵੀ ਨਿਰਲੇਪਤਾ ਦਾ ਗੁਣ ਧਾਰਨ ਕਰੀ ਰਖਦਾ ਹੈ ਤੇ ਮਨਮੁਖ ਮੱਖੀ ਵਾਂਗੂ ਫਸ ਕੇ ਦੁਖ ਉਠਾਉਂਦਾ ਹੈ ਤੇ ਮਾਇਆ ਵਿਚ ਰੁੜ੍ਹ ਹੀ ਜਾਂਦਾ ਹੈ। ਜੇਹੜੀ ਕਿ ਅਸਲ ਵਿਚ ਛਲ ਹੈ, ਤੀਲਿਆਂ ਦੀ ਅੱਗ ਵਾਂਗੂ ਜ਼ਾਹਿਰਾ ਤੌਰ ਤੇ ਸ਼ਕਤੀਸ਼ਾਲੀ ਨਜ਼ਰ ਆਉਂਦੀ ਹੈ ਪਰ ਜ਼ਿਆਦਾ ਦੇਰ ਨਹੀਂ ਰਹਿੰਦੀ, ਤੇ ਬਦਲਾਂ ਦੀ ਛਾਇਆ ਵਾਂਗੂ ਵੀ ਛੇਤੀ ਹੀ ਨਸ ਜਾਣ ਵਾਲੀ ਹੁੰਦੀ ਹੈ।

ਹੁਣ ਇਹ ਵਿਚਾਰੀਏ ਕਿ ਇਹ ਮਾਇਆ ਕੀ ਕਰਦੀ ਹੈ ? ਗੁਰਬਾਣੀ ਗਵਾਹ ਹੈ। 'ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ' ਦੇ ਮੁਤਾਬਕ ਇਹ ਮਾਇਆ ਮਨੁਖ ਨੂੰ ਦਾਤੇ ਤੋਂ ਦੂਰ ਲੈ ਜਾਂਦੀ ਹੈ, ਭੁਲੇਖੇ ਦੇਣ ਵਾਲੀ ਜੁ ਹੋਈ। ਇਹ ਵੀ ਨਹੀਂ ਭੁਲਣਾ ਚਾਹੀਦਾ 'ਬਿਖਿਆ ਸੇ ਕਿਨਹੀ ਤ੍ਰਿਪਤ ਨ ਪਾਈ' ਦੇ ਮੁਤਾਬਕ ਜਿਤਨੀ ਮਨੁਖ ਇਸ ਮਾਇਆ ਵਿਚੋਂ ਆਪਨੀ ਤ੍ਰਿਪਤੀ ਢੂੰਡਦਾ ਹੈ ਉਤਨਾ ਹੀ ਫੱਸਦਾ ਹੈ!

ਗੁਰਬਾਣੀ ਵਿਚ ਇਸ ਵਿਰੁਧ ਫਰਯਾਦ ਕੀਤੀ ਗਈ ਹੈ ਕਿ ਹੇ ਦਾਤਾ ਇਸ ਮਾਇਆ ਤੋਂ ਬਚਾਓ:—

ਬਾਬਾ ਬਿਖੁ ਦੇਖਿਆ ਸੰਸਾਰੁ।
ਰਖਿਆ ਕਰਹੁ ਗੁਸਾਈ ਮੇਰੇ
ਮੈ ਨਾਮ ਤੇਰਾ ਆਧਾਰੁ।
ਫੁਰਮਾਨ ਹੈ—
ਤਉ ਮੈਂ ਆਇਆ, ਸਰਨੀ ਆਇਆ,
ਭਰੋਸੈ ਆਇਆ, ਕਿਰਪਾ ਆਇਆ।
ਜਿਉ ਭਾਵੈ ਤਿਉ ਰਾਖਹੁ ਸੁਵਾਮੀ
ਮਾਰਗੁ ਗੁਰਹਿ ਪਠਾਇਆ।੧। ਰਹਾਉ।
ਮਹਾ ਦੁਤਰੁ ਮਾਇਆ।
ਜੈਸੇ ਪਵਨੁ ਝੁਲਾਇਆ।

ਮਾਇਆ ਦਾ ਰੂਪ ਬੜਾ ਭਿਆਨਕ ਹੈ ਜਿਸ ਅੰਦਰ ਇਹ ਅਹੰਕਾਰ ਦੇ ਰੂਪ ਵਿਚ ਆਉਂਦੀ ਹੈ ਉਸ ਦੀ ਆਪਣੀ ਸ਼ਕਲ ਮਹਾਵਾਕਾਨੁਸਾਰ ਬੜੀ ਭਿਆਨਕ ਬਣ ਜਾਂਦੀ ਹੈ। ਫੁਰਮਾਨ ਹੈ:—

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।
ਬੋਲੈ ਕਉੜਾ ਜਿਹਬਾ ਕੀ ਫੂੜਿ।
ਸਦਾ ਭੂਖੀ ਪਿਰੁ ਜਾਨੈ ਦੂਰਿ।

ਮਨੁਖ ਦੇ ਨਾਲ ਹੀ ਨਾਲ ਰਹਿਣਾ ਇਸ ਦਾ ਕੰਮ ਹੈ ਦਾਤੇ ਨੇ ਇਹ ਇਸ ਪ੍ਰਕਾਰ ਦੀ ਵਸਤੂ ਪੈਦਾ ਕੀਤੀ ਹੈ ਜੋ ਸਾਰੀ ਦੁਨੀਆਂ ਨੂੰ ਖਾ ਲੈਂਦੀ ਹੈ ਵਡੇ ਵਡਿਆਂ ਉਤੇ ਹਮਲੇ ਕਰਦੀ ਹੈ। 'ਬ੍ਰਹਮ ਬਿਸਨ ਮਹਾਦੇਵ ਮੋਹਿਆ।' ਸੋ ਇਸ ਤੋਂ ਬਚਣਾ ਸੌਖਾ ਕੰਮ ਨਹੀਂ।

ਮਨੁਖ ਤੇ ਮਨੁਖੀ ਮਨ ਨੂੰ 'ਮਾਇਆ ਦੇ ਡਾਂਡੇ' ਕਹਿ ਕੇ ਪੁਕਾਰਿਆ ਗਿਆ ਹੈ ਕਿਉਂ ਜੋ ਮਨੁਖ ਇਸ ਦੇ ਹਥਾਂ ਵਿਚ ਕਠਪੁਤਲੀ ਹੈ, ਇਹ ਹਮੇਸ਼ਾਂ ਮਨੁਖ ਨੂੰ ਕਾਬੂ ਵਿਚ ਰਖਦੀ ਹੈ। ਵਡੇ ਵਡੇ ਰਿਸ਼ੀਆਂ



www.AKJ.Org

ਨੂੰ ਇਸ ਨੇ ਉਹਨਾਂ ਦੀ ਭਗਤੀ ਕਰਦਿਆਂ ਹੋਇਆਂ ਇਸਤ੍ਰੀ ਰੂਪ ਧਾਰ ਕੇ ਮੋਹ ਲਿਆ ਤੇ ਉਹਨਾਂ ਦੀ ਸਾਰੀ ਕਮਾਈ ਮਿੱਟੀ ਵਿਚ ਮਿਲਾ ਦਿਤੀ । ਇਸ ਨੂੰ ਕਿਸੇ ਵਿਰਲੇ ਹੀ ਜਿਤਿਆ ਹੈ । ਇਹ ਮਾਇਆ ਬੜੇ ਅਨੋਖੇ ਤੇ ਨਾ ਸਮਝੇ ਜਾਣ ਵਾਲੇ ਰੂਪ ਧਾਰ ਕੇ ਦੁਨੀਆਂਦਾਰਾਂ ਨੂੰ ਫਸਾ ਲੈਂਦੀ ਹੈ ।

ਮਾਇਆ ਦੇ ਕਬਜ਼ੇ ਵਿਚ ਆਏ ਹੋਏ ਮਨੁਖ ਤੇ ਤਰਸ ਕਰਦਿਆਂ ਹੋਇਆਂ ਦਾਤੇ ਨੇ ਮਾਇਆ ਦੇ ਅਸਰ ਤੋਂ ਬਚਣ ਲਈ ਗੁਰਬਾਣੀ ਰਾਹੀਂ ਇਸ ਮਾਇਆ ਦਾ ਇਲਾਜ ਵੀ ਬੜਾ ਹੀ ਸੁੰਦਰ ਦਸਿਆ ਹੈ ਗੁਰਸਿਖ ਦਾ ਫ਼ਰਜ਼ ਹੈ ਕਿ ਗੁਰਬਾਣੀ ਨੂੰ ਵਿਚਾਰਦਿਆਂ ਹੋਇਆਂ ਆਪਣੇ ਉਧਾਰ ਲਈ ਇਸ ਤੇ ਅਮਲ ਕਰੇ ਤਾਂ ਜੋ ਹੁਕਮੀ-ਬੰਦਾ ਬਣ ਕੇ ਇਸ ਸੰਸਾਰ ਦੀ ਯਾਤ੍ਰਾ ਸਫ਼ਲ ਕਰ ਸਕੇ । ਇਲਾਜ ਵਜੋਂ ਗੁਰਬਾਣੀ ਸਾਡੀ ਸਹਾਇਤਾ ਕਰਦੀ ਹੈ ।

'ਅਨਿਕ ਅਡੰਬਰ ਮਾਇਆ ਕੇ ਬਿਰਥੇ
ਤਾ ਸਿਉ ਪ੍ਰੀਤਿ ਘਟਾਵਉ ।'

ਮਨੁਖ ਨੂੰ ਮਾਇਆ ਤੇ ਮਾਇਆ ਦੇ ਪਸਾਰੇ ਨੂੰ, ਨਾਕਾਇਮ ਰਹਿਣ ਵਾਲਾ ਸਮਝਦਿਆਂ ਹੋਇਆਂ ਇਸ ਨਾਲ ਪ੍ਰੀਤ ਘਟਾਉਣ ਦੀ ਕੋਸ਼ਸ਼ ਕਰਨੀ ਚਾਹੀਦੀ ਹੈ ਤਾਂ ਹੀ ਕੰਵਲ ਵਾਲੀ ਨਿਰਲੇਪਤਾ ਪ੍ਰਾਪਤ ਕਰ ਕੇ ਆਪਣਾ ਉਧਾਰ ਕਰ ਸਕਦਾ ਹੈ ਇਹ ਇਕ ਜ਼ਰੂਰੀ ਹਦਾਇਤ ਹੈ ।

ਹੋਰ ਥਾਂ ਫ਼ੁਰਮਾਨ ਹੈ:—

ਨਾਨਕ ਮਾਇਆ ਕਾ ਮਾਰਣੁ ਹਰਿਨਾਮੁ ਹੈ
ਗੁਰਮੁਖਿ ਪਾਇਆ ਜਾਇ ।

ਗੁਰਸਿਖ ਨਾਮ ਜਪੇ ਤੇ ਦਾਤੇ ਦੀ ਮਿਹਰ ਦੀ ਆਸ ਕਰੇ । ਸੁਤੇ ਸਿਧ ਹੀ ਇਸ ਮਾਇਆ ਤੋਂ ਬਚ ਜਾਏਗਾ, ਚੂੰਕਿ ਮਾਇਆ ਭਰਮ ਹੈ, ਭੁਲੇਖਾ ਹੈ । ਜਿਥੇ ਭਰਮਾਂ ਦਾ ਵਾਸਾ ਹੈ ਉਥੇ ਮਾਇਆ ਹੈ । ਸੋ

'ਸਗਲ ਭਰਮ ਤਜ ਨਾਨਕ ਪ੍ਰਾਣੀ,
ਚਰਨਿ ਤਾਹੇ ਚਿਤ ਲਾਇਓ ।'

ਦੇ ਅਨੁਸਾਰ ਦਾਤੇ ਦੇ ਚਰਨਾਂ ਵਲ ਚਿਤ ਲਗਾਉਣਾ ਹੀ ਮਾਇਆ ਤੋਂ ਬਚਣ ਦਾ ਸਾਧਨ ਹੈ ।

'ਕਾਇਆ ਕੰਚਨੁ ਤਾ ਥੀਐ
ਜਾ ਸਤਿਗੁਰੁ ਲਏ ਮਿਲਾਏ ।
ਭ੍ਰਮੁ ਮਾਇਆ ਵਿਚਹੁ ਕਟੀਐ
ਸਚੜੈ ਨਾਮਿ ਸਮਾਏ ।'

ਇਹ ਮਾਇਆ ਲਗਾਤਾਰ ਮਨੁਖਾਂ ਨੂੰ ਮੋਂਹਦੀ ਹੀ ਰਹਿੰਦੀ ਹੈ, ਕਦੀ ਵੀ ਨਹੀਂ ਰੁਕਦੀ । ਮਨੁਖ ਆਪਣੇ ਭਲੇ ਲਈ ਤੀਰਥ ਕਰਦਾ ਹੈ, ਦਾਨ ਕਰਦਾ ਹੈ, ਬਰਤ ਨੇਮ, ਤਪਸਿਆ ਕਰਦਾ ਹੈ, ਹੋਮ ਜਗ ਵੀ ਕਰਦਾ ਹੈ ਪਰ ਕਿਸੇ ਵੀ ਥਾਂ ਤੇ ਕਿਸੇ ਵੀ ਹਾਲਤ ਵਿਚ ਇਹ ਉਸਦਾ ਪਿੱਛਾ ਨਹੀਂ ਛਡਦੀ । ਇਸ ਦਾ ਇਕ ਮਾਤਰ ਇਲਾਜ ਸਾਧ ਸੰਗਤ ਕਰਨਾ ਹੈ ਫੇਰ ਇਹ ਨਹੀਂ ਦੁਖ ਦੇਵੇਗੀ ਤੇ 'ਨਕਟੀ ਕੋ ਠਨਗਨੁ ਬਾਡਾਤੂੰ । ਕਿਨਹਿ ਬਿਬੇਕੀ ਕਾਟੀ ਤੂੰ' ਦੇ ਮੁਤਾਬਕ ਇਸਦਾ ਠਣਕਾਰ ਮਨੁਖ ਨੂੰ ਪਰਭਾਵਤ ਨਹੀਂ ਕਰ ਸਕੇਗਾ । ਬਿਬੇਕੀ ਰੂਹਾਂ ਕੋਲੋਂ ਡਰ ਕੇ ਇਕ ਨਕ-ਕਟੀ (ਮਾਇਆ) ਦੂਰ ਹੀ ਭਜ ਜਾਏਗੀ । ਫੁਰਮਾਨ ਹੈ–'ਸਾਧ ਸੰਗਤਿ ਨਾਨਕੁ ਭਇਓ ਮੁਕਤਾ, ਦਰਸ਼ਨ ਪੇਖਤ ਭੋਰੀ । (ਸਾਰੰਗ ਮਹਲਾ ੫, ਪੰਨਾ ੧੨੧੬) ਜਿਸ ਤੋਂ ਸਪਸ਼ਟ ਹੈ ਕਿ ਸਾਧ ਸੰਗਤਿ ਵਿਚ ਇਸ ਮਾਇਆ ਦੀ ਪਹੁੰਚ ਨਹੀਂ । ਇਥੇ ਹੀ ਇਹ ਬੇ-ਅਸਰ ਹੋ ਜਾਂਦੀ ਹੈ ।

ਸਾਧ ਸੰਗਤਿ ਨਿਰੰਤਰ ਕਰਨ ਦੇ ਮਗਰੋਂ ਜਦੋਂ ਮਨੁਖ ਦੀ ਬਿਰਤੀ ਸਾਫ ਹੋ ਜਾਂਦੀ ਹੈ । ਮਨੁਖ ਤੇ ਉਦੋਂ ਗੁਰੂ ਕ੍ਰਿਪਾ ਹੁੰਦੀ ਹੈ ਉਹ ਮਾਇਆ ਤੋਂ ਬਚ ਜਾਂਦਾ ਹੈ । ਮਹਾਵਾਕ ਹੈ—

ਬਲਵੰਤਿ ਬਿਆਪਿ ਰਹੀ ਸਭ ਮਹੀ ।
ਅਵਰੁ ਨ ਜਾਨਸਿ ਕੋਊ ਮਰਮਾ
ਗੁਰ ਕਿਰਪਾ ਤੇ ਲਹੀ । ੧ । ਰਹਾਉ ।
ਜੀਤਿ ਜੀਤਿ ਜੀਤੇ ਸਭਿ ਥਾਨਾ,
ਸਗਲ ਭਵਨ ਲਪਟਹੀ ।
ਕਹੁ ਨਾਨਕ ਸਾਧ ਤੇ ਭਾਗੀ,
ਹੋਇ ਚੇਰੀ ਚਰਨ ਗਹੀ ।

ਸੋ ਸਿੱਟਾ ਇਹ ਨਿਕਲਿਆ ਕਿ ਇਸ ਮਾਇਆ ਤੋਂ ਨਿਰਲੇਪ ਰਹਿਣਾ, ਤੇ ਗੁਰੂ ਕ੍ਰਿਪਾ ਦੀ ਆਸ ਰਖਣਾ *



www.AKJ.Org

# ਗੁਰਮਤਿ ਤੇ ਫ਼ਿਲਮਾਂ

ਵਲੋਂ :
ਸ੍ਰ: ਰਾਮ ਸਿੰਘ ਜੀ, ਬੀ.ਏ., ਬੀ.ਟੀ.
ਪ੍ਰਧਾਨ, ਸ੍ਰੀ ਗੁਰੂ ਨਾਨਕ ਦਰਬਾਰ,
ਗਰੇਵਜ਼ੈਂਡ, ਕੈਂਟ, ਇੰਗਲੈਂਡ ।

*

'ਸਭ ਤੇ ਵੱਡਾ ਸਤਿਗੁਰ ਨਾਨਕ' ਦੇ 500 ਸਾਲਾ ਪ੍ਰਕਾਸ਼ ਦਿਹਾੜੇ ਦੇ ਸਮੇਂ ਸੁਣਨ ਵਿਚ ਆਇਆ ਸੀ ਕਿ ਗੁਰੂ ਸਾਹਿਬ ਤੇ ਫ਼ਿਲਮ ਬਣਨੀ ਹੈ । ਫ਼ਿਲਮ ਨਾਂ ਦੇਖਣ ਦੀ ਆਦਤ ਹੋਣ ਕਰਕੇ ਹੌਲੀ ੨ ਉਸ ਫ਼ਿਲਮ ਬਾਰੇ ਆਖ਼ਰ ਹਰ ਪੱਖੋਂ ਰੌਸ਼ਨੀ ਪ੍ਰਾਪਤ ਹੋ ਹੀ ਗਈ । ਸੋ ਗੁਰਮਤਿ ਅਨੁਸਾਰ ਉਸ ਬਾਰੇ ਆਪਣੀ ਰਾਏ ਪ੍ਰਗਟ ਕਰਨਾ ਭੀ ਜ਼ਰੂਰੀ ਫ਼ਰਜ਼ ਸਮਝ ਕੇ ਥੱਲੇ ਕੁਛ ਵਿਚਾਰ ਦਿਤੇ ਜਾਂਦੇ ਹਨ ।

ਫ਼ਿਲਮ ਦਾ ਨਾਮ 'ਨਾਨਕ ਨਾਮ ਜਹਾਜ਼' ਹੈ । ਫ਼ਿਲਮ ਨਿਰਮਾਤਾ ਅਤੇ ਸਾਡੇ ਵਡੇ ੨ ਵਿਦਵਾਨ ਤੇ ਧਾਰਮਕ ਆਗੂ ਸ਼ਾਇਦ ਉਸ ਸਮੇਂ ਇਸ ਗਲੋਂ ਅਵੇਸਲੇ ਹੀ ਹੋ ਗਏ ਸਨ ਜਦ ਕਿ ਫ਼ਿਲਮ ਦਾ ਨਾਂ ਰੱਖਿਆ ਹੋਵੇਗਾ । ਇਹ ਵਾਕ 'ਨਾਨਕ ਕੇ ਘਰ ਕੇਵਲ ਨਾਮ' ਸਪਸ਼ਟ ਕਰ ਦਿੰਦਾ ਹੈ ਕਿ ਗੁਰੂ ਨਾਨਕ ਯਾ ਗੁਰੂ ਦੇ ਘਰ ਕੇਵਲ ਨਾਮ ਹੀ ਹੈ । ਉਹ ਫਿਰ ਕਿਹੜਾ ਨਾਮ ਹੈ ? 'ਰਾਮ ਰਹੀਮ ਉਬਾਰ ਨਾ ਸਾਕਹਿ ਜਾਕਰ ਨਾਮ ਰਟੈ ਹੈ' ਵਾਲਾ ਕਿਰਤਮ ਨਾਮ 'ਨਾਨਕ' ਨਹੀਂ । ਉਹ ਇਕ ਗੁੱਝਾ ਛਿਪਾ ਨਹੀਂ ਤੇ ਮਨਮਤੀਆਂ ਲਈ ਯਾ ਗੁਰੂ ਦੇ ਬਣੇ ਬਿਨਾਂ ਉਹ ਗੁਝਾ ਛਿੱਪਾ ਹੈ ਭੀ । ਗੁਰੂ ਜੀ ਆਪਣੇ ਆਪ ਨੂੰ 'ਨਾਨਕ ਨੀਚ, ਨਾਨਕ ਸਗ, ਕੂਕਰ, ਢਾਡੀ' ਆਦਿ ਕਹਿਣ ਵਾਲੇ ਕਦੇ ਇਹ ਨਹੀਂ ਸੀ ਕਹਿ ਸਕਦੇ ਕਿ ਸਿਖੋ ਮੇਰਾ ਨਾਮ ਜਪੋ । ਉਹਨਾਂ ਨੇ ਤਾਂ ਸਿਰਫ਼ ਉਸ ਨਿਰਭਉ, ਨਿਰਵੈਰ, ਸਰਬ ਕਲਾ ਸਮਰਥ ਅਕਾਲ ਪੁਰਖ' ਦੇ ਨਾਮ ਦੇ ਹੀ ਜਾਪ ਕਰਵਾਉਣ ਹਿਤ ਆਪਣੀ ਜੋਤ ਦਸਾਂ ਪਾਤਸ਼ਾਹੀਆਂ ਵਿਚ ਧਰ ਤੇ ਅੰਤ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਰਾਹੀਂ ਉਸ ਪ੍ਰਮਾਤਮਾਂ ਦਾ ਨਾਮ 'ਸਤਿਨਾਮ' ਕਲਜੁਗੀ ਜੀਵਾਂ ਨੂੰ ਦਿਰੜਾਇ ਕਰ ਜਪਾਇਆ ।

ਇਥੇ ਇਹ ਭੀ ਭੁਲੇਖਾ ਨਾ ਰਹੇ ਕਿ ਜਦ ਤਕ ਨਾਮ ਦਿਰੜਾਇਆ ਨਹੀਂ ਜਾਂਦਾ ਉਦੋਂ ਤਕ ਕਿਸੇ ਇਕ ਇਕੱਲੇ ਸੰਤ ਮਹਾਤਮਾਂ ਯਾ ਅਜ ਕਲ ਦੇ ਅਖੌਤੀ ਗੁਰੂਆਂ ਕੋਲੋਂ ਤਾਂ ਕੀ ਜੇ ਨਾਮ-ਅਭਿਆਸ ਕਮਾਈ ਰਹਿਤ ਪੰਜਾਂ ਪਿਆਰਿਆਂ ਤੋਂ ਭੀ ਦਿਰੜਾਏ ਬਿਨਾਂ ਨਾਮ ਸੁਣ ਯਾ ਕੰਨਾਂ ਵਿਚ ਲਿਆ ਜਾਵੇ ਤਾਂ ਉਸ ਦੀ ਕੋਈ ਪਾਰਸ ਕਲਾ ਨਹੀਂ ਵਰਤ ਸਕਦੀ,

---

*ਸ਼ੁਭ ਹਨ । ਸਾਧ ਸੰਗਤਿ ਵਿਚ ਹਰੀ ਕੀਰਤਨ ਕਰਨਾ ਤੇ ਸੁਨਣਾ ਮਾਇਆ ਤੋਂ ਬਚਨ ਦੇ ਸਾਧਨ ਹਨ । ਜੇ ਗੁਰਸਿਖ ਆਪਣੇ ਸਚੇ ਦਿਲ ਨਾਲ ਇਸ ਭੁਲੇਖੇ ਭਰਮ ਰੂਪੀ ਨਾਗਨੀ ਮਾਇਆ ਤੋਂ ਬਚਣ ਲਈ ਸਾਧਨ ਕਰੇ ਤਾਂ ਗੁਰੂ ਕ੍ਰਿਪਾ ਉਸ ਦੀ ਮਦਦ ਲਈ ਅਦ੍ਰਿਸ਼ਟ ਹੀ ਉਸਦਾ ਪੱਖ ਕਰੇਗੀ ਉਸਨੂੰ ਕਦਮ ਕਦਮ ਤੇ ਰਹਿਨੁਮਾਈ ਕਰੇਗੀ, ਫੇਰ ਉਸਦੀ ਨਾਮ ਬਾਣੀ ਵਲ ਰੁਚੀ ਵਧਦੀ ਜਾਏਗੀ ਤੇ ਉਹ ਚੜ੍ਹਦੀ ਕਲਾ ਪ੍ਰਾਪਤ ਕਰੇਗਾ । ਹਿਰਦੇ ਦੀ ਲਗਨ ਤੇ ਗੁਰੂ ਤੇ ਵਿਸ਼ਵਾਸ ਜ਼ਰੂਰੀ ਹੈ । ਫੇਰ ਇਹ ਮਾਇਆ–

ਸਾਧੂ ਕੈ ਠਾਢੀ ਦਰਬਾਰਿ ।
ਸਰਨਿ ਤੇਰੀ ਮੋਕਉ ਨਿਸਤਾਰਿ ।

ਮੁਤਾਬਕ ਅਪਨਾ ਬਚਾਉ ਕਰਨ ਲਈ ਸਾਧ ਜਨਾਂ ਅਗੇ ਹੀ ਨਿਮਾਣੀ ਤੇ ਆਜਿਜ਼ ਬਣਕੇ ਅਪਨੇ ਬਚਾਓ ਲਈ ਪੁਕਾਰ ਕਰੇਗੀ ਤੇ ਗੁਰਸਿਖ 'ਗੁਸਾਈ ਦੇ ਪਹਿਲਵਾਨੜੇ' ਬਣ ਕੇ ਇਸ ਜਗ ਵਿਚ ਵਿਚਰਨਗੇ ।

——


www.AKJ.Org

ਕਿਉਂਕਿ 'ਗੁਰ ਨਾਮ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ।'

ਗੁਰੂ ਨਾਨਕ ਦੇਵ ਜੀ ਨੇ ਤਾਂ ਕੇਵਲ ਸਤਿਨਾਮ ਦਾ ਚੱਕਰ ਫਿਰਾਇਆ ਨਾਕਿ ਆਪਣੇ ਨਾਮ ਦਾ। 'ਵਾਹਿਗੁਰੂ ਨਾਮ ਜਹਾਜ਼ ਹੈ ਚੜੈ ਸੋ ਉਤਰੇ ਪਾਰ' ਨਾਕਿ 'ਨਾਨਕ ਨਾਮ ਜਹਾਜ਼ ਹੈ।' ਸੋ ਜੇਕਰ ਇਹ ਫ਼ਿਲਮ ਬਨਾਉਣੀ ਹੀ ਸੀ ਤਾਂ ਉਸ ਦਾ ਨਾਮ ਹੋਣਾ ਚਾਹੀਦਾ ਸੀ 'ਵਾਹਿਗੁਰੂ ਨਾਮ ਜਹਾਜ਼ ਹੈ।' ਅੱਵਲ ਤਾਂ ਫ਼ਿਲਮ ਬਨਾਉਣੀ ਯਾ ਬਣਨੀ ਹੀ ਨਹੀਂ ਚਾਹੀਦੀ ਸੀ ਕਿਉਂਕਿ ਇਸ ਵਿਚ ਸਿੱਖੀ ਜੀਵਨ ਦਾ ਜੋ ਮਜ਼ਾਕ ਉਡਾਇਆ ਗਿਆ ਹੈ ਉਹ ਗੁਰਮੁਖ ਜਨਾਂ ਲਈ ਹਿਰਦੇਵੇਧਕ ਹੈ। ਫ਼ਿਲਮ ਦਾ ਨਾਮ, ਉਸ ਵਿਚ ਦਿਖਾਏ ਸਭ ਭੇਖ ਤੇ ਕੰਮ ਕਰਨ ਵਾਲੇ ਸਜਣ ਸਭ ਕੁਛ ਸਿੱਖੀ ਆਦਰਸ਼ ਤੋਂ ਲੱਖਾਂ ਕੋਹਾਂ ਦੂਰ ਹੈ ਅਤੇ ਅਸਲ ਵਿਚ ਫ਼ਿਲਮ ਬਣਾਈ ਹੀ ਸਿੱਖੀ ਵਿਚ ਅਸਲੀ ਤੱਤ ਗੁਰਮਤ ਨੂੰ ਢਾਹ ਲਾਉਣ ਲਈ ਹੈ। ਸਾਡੇ ਆਗੂ ਤੇ ਅਸੀਂ ਸਭ ਸਮਝੀਏ ਯਾ ਨਾ। ਇਹ ਫ਼ਿਲਮ ਠੀਕ ਹੀ ਸਿੱਖੀ-ਵਿਚਾਰਧਾਰਾ ਤੇ ਇਕ ਨਿੱਗਰ ਸੱਟ ਹੈ।

ਸਿੱਖੀ ਜੀਵਨ ਇਕ ਉਚੇ ਸੁਚੇ ਜੀਵਨ ਦੀ ਮਿਸਾਲ ਮਨ ਦੇ ਮੂਡ (ਮਨਮਤ) ਰਾਹੀਂ ਨਹੀਂ 'ਸਿਰ ਧਰ ਤਲੀ ਗਲੀ ਮੇਰੀ ਆਉ' ਦੀ ਗੁਰਮਤਿ ਗੁੜ੍ਹਤੀ ਰਾਹੀਂ ਸਦਾ ਪੇਸ਼ ਕੀਤੀ ਜਾਂਦੀ ਹੈ। ਪਰ ਅਜ ਸਿਖ ਕੌਮ 'ਚ ਕਈ ਪਾਸੇ ਗਿਰਾਵਟ ਨਜ਼ਰ ਆਉਂਦੀ ਹੈ—ਮਿਸਾਲ ਦੇ ਤੌਰ ਤੇ ਜੇ ਕੁਝ ਲਾਭ ਯਾ ਕੁਰਸੀ ਦੀ ਭੁਖ ਲਈ ਸਵੇਰੇ ਇਕ ਪਾਰਟੀ ਵਿਚ ਫ਼ਲਾਣਾ ਬੰਦਾ ਹੈ ਤਾਂ ਸ਼ਾਮ ਨੂੰ ਉਹ ਦੂਜੀ ਵਿਚ ਹੁੰਦਾ ਹੈ ਆਦਿ। ਅਤੇ ਸਾਡੇ ਵਿਚ 'ਸਭੇ ਛਡ ਸਿਆਣਪਾ ਗੁਲ ਕੀ ਪੈਰੀ ਪਾਹਿ' ਦੀ ਥਾਂ 'ਮਨਮੁਖ ਕਥਨੀ ਹੈ ਰਹਿਤ ਨ ਹੋਈ' ਨੇ ਮੱਲ ਲਈ ਹੈ ਤਾਂਹੀ ਤਾਂ ਕਈ ਪਾਸਿਉਂ ਸਿੱਖ ਧਰਮ ਤੇ ਫਿਲਮਾਂ ਬਣਨ ਬਨਾਉਣ ਤੇ ਜ਼ੋਰ ਦਿਤਾ ਜਾ ਰਿਹਾ ਹੈ। ਪਰ ਉਥੇ ਇਹ ਭੁਲ ਕੀਤੀ ਜਾਂਦੀ ਹੈ ਕਿ ਸਿੱਖੀ ਫਿਲਮਾ ਰਾਹੀਂ 'ਮਨ ਹੋਰ ਮੁਖ ਹੋਰ' ਜਿਵੇਂ ਕਿ ਐਕਟਰ ਐਕਟਰਸਾਂ ਦਾ ਜੀਵਨ ਹੁੰਦਾ ਹੀ ਹੈ, ਫਿਲਮ ਵਿਚ ਕੁਝ ਹੋਰ ਤੇ ਉਂਞ ਹੋਰ, ਦੇ ਤੌਰ ਤੇ ਨਹੀਂ ਦਿਖਾਉਣ ਵਾਲੀ ਚੀਜ਼ ਇਹ ਤਾਂ ਅਮਲੀ ਤੌਰ ਤੇ ਜੀਵਨ ਜੀਅ ਕੇ ਦਿਖਾਉਣ ਵਾਲੀ ਚੀਜ਼ ਹੈ।

ਇਸਦੇ ਸਬੰਧ ਵਿਚ ਕਈ ਇਕ ਈਸਾਈ ਮੱਤ ਦੀ ਮਿਸਾਲ ਦਿੰਦੇ ਹਨ ਕਿ ਈਸਾਈ ਮੱਤ ਨੇ ਪ੍ਰਚਾਰ ਤੇ ਫਿਲਮਾਂ ਰਾਹੀਂ ਬੜੀ ਤਰੱਕੀ ਕੀਤੀ ਹੈ ਅਤੇ ਉਸਦੀ ਬੜੀ ਗਿਣਤੀ ਵਧੀ ਤੇ ਵਧ ਰਹੀ ਹੈ। (ਉਹ ਹਜ਼ਰਤ ਮੁਹੰਮਦ ਸਾਹਿਬ ਦੀ ਮਿਸਾਲ ਨਹੀਂ ਦਿੰਦੇ ਜਿਨ੍ਹਾਂ ਬਾਰੇ ਫਿਲਮ ਤਾਂ ਕੀ ਉਨ੍ਹਾਂ ਦੀ ਫੋਟੋ ਤਕ ਨਹੀਂ ਬਣੀ ਤੇ ਨਾ ਬਣੇਗੀ। ਸਾਡੇ ਵਿਚ ਤਾਂ ਹੁਣ ਗੁਰੂ ਸਾਹਿਬਾਨ ਦੇ ਮਨੋਕਲਪਤ ਫੋਟੋ ਤਾਂ ਕੀ ਬੁੱਤ ਬਣਨ ਲੱਗ ਪਏ ਹਨ—ਕਿਤਨੀ ਸ਼ੋਕ ਦੀ ਗੱਲ ਹੈ!) ਪਰ ਉਹ ਭੁਲ ਜਾਂਦੇ ਹਨ ਕਿ ਧਰਮ ਨੇ ਗਿਣਤੀ ਦੀ ਕਸਵੱਟੀ ਤੇ ਨਹੀਂ ਤੋਲਿਆ ਜਾਣਾ ਇਸਨੇ ਤਾਂ 'ਵਿਣੁ ਗੁਣ ਕੀਤੇ ਭਗਤਿ ਨ ਹੋਇ' ਅਨੁਸਾਰ ਸਿਫਤਾਂ, ਆਚਾਰੀ ਸਿਫਤਾਂ ਦੀ ਕਸਵੱਟੀ ਤੇ ਤੁਲਣਾ ਹੈ, ਸਦਾ ਤੁਲਿਆ ਹੈ ਤੇ ਤੁਲੇਗਾ। ਕਿਉਂਕਿ ਇਥੇ ਤਾਂ ਉਨ੍ਹਾਂ 'ਜੱਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ' ਚਰਖੜੀਆਂ, ਫਾਂਸੀਆਂ, ਦੇਗਾਂ ਦੇ ਉਬਾਲਿਆਂ ਆਦਿ ਦੇ ਤਸੀਹੇ ਭਾਣੇ ਨੂੰ ਮਿੱਠਾ ਕਰਕੇ ਸਹਿਣ ਵਾਲੇ ਸਭ ਨੂੰ ਇਕ ਨਜ਼ਰ ਨਾਲ ਦੇਖ ਅਪਣੇ ਪਰਾਏ ਦੀ ਤਮੀਜ਼ ਨਾ ਕਰਦੇ ਸਭੋ ਜ਼ਖਮਾਂ ਨਾਲ ਚੂਰ ਹੋਏ ਹੋਏ ਰੱਬ ਦੇ ਬੰਦਿਆਂ ਦੀ ਪਿਆਸ ਮਿਟਾਉਣ ਲਈ ਸੱਭ ਨੂੰ ਇਕੋ ਟੱਕ ਪਾਣੀ ਪਿਲਾਉਣ ਵਾਲੇ ਚਾਹੀਦੇ ਹਨ ਨਾਕਿ ਇਕੋ ਮੁਲਕ ਵਿਚ ਵੱਸਦੇ ਰੱਬ ਦੇ ਬੰਦੇ ਗੋਰੇ ਕਾਲੇ ਈਸਾਈਆਂ ਵਿਚੋਂ ਗੋਰੇ ਈਸਾਈਆਂ ਨੂੰ ਵੋਟ ਦਾ ਹੱਕ ਦੇਣ ਤੇ ਕਾਲੇ ਈਸਾਈਆਂ ਨੂੰ ਇਹ ਹੱਕ ਨਾ ਦੇਣ ਵਾਲੇ ਬੰਦੇ ਚਾਹੀਦੇ ਹਨ। ਗੁਰੂ ਸਾਹਿਬਾਨ ਨੇ ਸਿੱਖ ਪੰਥ ਬਣਾਇਆ ਹੀ ਇਨ੍ਹਾਂ 'ਵਿਰਲੇ ਕੇਈ ਕੇਇ' ਦੇ ਮਾਰਗ ਤੇ ਚਲਣ ਵਾਲਿਆਂ ਦਾ ਸੀ।

ਇਸ ਸ਼ਰਤ ਨੂੰ ਪੂਰਾ ਕਰਨ ਲਈ ਫਿਲਮਾਂ ਕਦਾਚਿੱਤ ਨਹੀਂ, ਦੁਹਾਈ ਹੈ ਕਦਾਚਿੱਤ ਨਹੀਂ, ਸਾਡਾ ਅਮਲੀ ਜੀਵਨ ਕੰਮ ਦੇਵੇਗਾ। ਸੋ ਆਓ ਮਨ ਨੂੰ ਪ੍ਰਚਾਉਣ ਲਈ ਫਿਲਮਾਂ ਬਣਾਕੇ ਯਾ ਬਣਨ ਦੇ ਕੇ ਗੁਰਮਤਿ ਦੀ ਹਾਸੀ ਨਾ ਉਡਾਈਏ। ਕਿਉਂਕਿ ਇਸ ਨਾਲ ਇਸ ਵਾਕ 'ਨਾਟਕ ਚੇਟਕ ਕੀਏ ਕੁਕਾਜਾ।


www.AKJ.Org

ਪ੍ਰਭ ਲੋਗਨ ਕਉ ਆਵਤ ਲਾਜਾ ।।' ਅਨੁਸਾਰ ਅਸੀਂ ਗੁਰੂ ਸਾਹਿਬਾਨ ਦੇ ਮਿਸ਼ਨ ਨੂੰ ਛਟਿਆਕੇ ਸਗੋਂ ਉਨ੍ਹਾਂ ਨੂੰ ਲਾਜ ਲਾਉਂਦੇ ਹਾਂ। ਬਲਕਿ ਰਹਿਤ—ਕਹਿਣੀ, ਰਹਿਣੀ, ਬਹਿਣੀ, ਸਹਿਣੀ, ਅਪਣੇ ਗੁਰਮੁਖੀ ਸਾਊ ਲਿਬਾਸ, ਸਾਤਵਕ ਖਾਣੇ, ਮਿੱਠੇ ਬਚਨਾਂ ਤੇ ਇਸ ਤਰ੍ਹਾਂ ਦੇ ਗੁਰਮਿਤ ਦਰਸਾਏ ਹੋਰ ਗੁਣਾਂ ਰਾਹੀਂ ਉਸ ਅਸਲੀ ਸਿੱਖੀ ਜੀਵਨ ਰਾਹੀਂ ਦੁਨੀਆਂ ਨੂੰ ਹੈਰਾਨੀ ਵਿਚ ਪਾ ਦਈਏ ਜਿਸ ਤਰ੍ਹਾਂ ਮੁਗਲ ਰਾਜ ਸਮੇਂ ਸਿਰਫ ਉਂਗਲਾਂ ਤੇ ਗਿਣੇ ਜਾਣ ਵਾਲੇ ਮਰਜੀਵੜੇ ਸਿੰਘਾਂ ਸਿੰਘਣੀਆਂ ਨੇ ਗੁਰਮਿਤ ਤੇ ਸਿੱਖੀ ਦੇ ਅਸੂਲਾਂ ਤੇ ਅਧਾਰਤ ਲੋਕ ਰਾਜ ਕਾਇਮ ਕਰਕੇ ਸਾਨੂੰ ਇਸ ਦਰਜੇ ਤਕ ਪੁਚਾ ਦਿਤਾ ਹੈ। ਕੀ ਇਤਨੀ ਵੱਡੀ ਆਸ ਇਸ ਫਿਲਮ ('—ਨਾਮ ਜਹਾਜ਼ ਹੈ') ਵਿਚ ਦਿਖਾਏ ਸਿੱਖਾਂ ਵਿਚ ਫੈਸ਼ਨ, ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਦਿਖਾਵੇ ਦੇ ਵਿਆਹ ਦੀਆਂ ਲਾਵਾਂ, ਗੁਰੂ ਸਾਹਿਬਾਨ ਦੀਆਂ ਫੋਟੋਆਂ ਅਗੇ ਮੱਥੇ ਟੇਕਣ ਅਤੇ ਇਸ ਤਰ੍ਹਾਂ ਦੇ ਹੋਰ ਗੁਰਮਤਿ ਤੋਂ ਉਲਟ ਭੰਗੜੇ ਨਾਚ ਆਦਿ ਦੇ ਆਦਰਸ਼ਾਂ ਉਤੇ ਸ਼ਰਧਾ ਰੱਖਣ ਵਾਲਿਆਂ ਤੋਂ ਕੀਤੀ ਜਾ ਸਕਦੀ ਹੈ?

ਅੰਤ ਵਿਚ ਇਕ ਇਹ ਹੀ ਬੇਨਤੀ ਹੈ ਕਿ ਗੁਰਮਤਿ ਨੂੰ ਗੁਰਮਤਿ ਕਰਕੇ ਹੀ ਮੰਨਿਆ ਜਾਣਾ ਚਾਹੀਦਾ ਹੈ ਅਤੇ ਗੁਰਮਤਿ ਨੇ ਗੁਰਮਿਤ ਹੀ ਰਹਿਣਾ ਹੈ ਭਾਵੇਂ ਕੋਈ ਸਮਾਂ, ਦੇਸ਼, ਪ੍ਰਦੇਸ਼ ਹੋਵੇ। ਇਥੇ ਕੁਝ ਲੈ ਦੇ ਕੇ (ਕਮਪਰੋਮਾਈਜ਼ ਕਰਕੇ) ਯਾ ਛੱਡ ਛਡਾ ਕੇ ਨਹੀਂ (ਕਿਉਂਕਿ ਰੱਬੀ ਦਰਗਾਹ ਵਿਚ ਕੋਈ ਛੱਡ ਛਡਾ ਰਿਆਇਤ ਆਦਿ ਨਹੀਂ ਹੁੰਦੀ) ਸਗੋਂ ਮਰਯਾਦਾ ਦੁਆਰਾ ਬਤੀਤ ਕੀਤੇ ਜੀਵਨ ਦਾ ਹੀ ਪ੍ਰਭਾਵ ਪੈਣਾ ਹੈ। ਸੋ ਫ਼ਿਲਮਾਂ ਤਾਂ ਉਕਾ ਹੀ ਸਿੱਖੀ ਮਰਯਾਦਾ ਤੋਂ ਉਲਟ ਹਨ ਤੇ ਗੁਰਮਿਤ ਵਿਚ ਉਨ੍ਹਾਂ ਲਈ ਕੋਈ ਥਾਂ ਨਹੀਂ।


ਸਦਾ ਯਾਦ ਰਖੋ!

**ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ**

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ।

**ਰਵੇਲ ਇਲੈਕਟ੍ਰਿਕ ਵਰਕਸ**

ਚੌਕ ਰਾਘੋਮਾਜਰਾ, ਪਟਿਆਲਾ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*

*Large Sale & Less Profit is our Motto.*


www.AKJ.Org

# ਜਲੰਧਰ ਵਿਖੇ ਮਹਾਨ ਕੀਰਤਨ ਸਮਾਗਮ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨੌਖੰਡ ਪ੍ਰਿਥਵੀ ਤੇ ਧਰਤ ਲੁਕਾਈ ਨੂੰ ਸੋਧਨ ਲਈ ਦੇਸ਼, ਪ੍ਰਦੇਸ਼ਾਂ ਵਿਚ ਰਟਨ ਕਰਕੇ ਅਰਸ਼ੀ ਕੀਰਤਨ ਦਾ ਪ੍ਰਵਾਹ ਚਲਾਇਆ, ਇਸ ਲਈ ਉਹਨਾਂ ਦੇ ਪਵਿਤ੍ਰ ਤੇ ਸ਼ੁਭ ਆਗਮਨ ਉਤਸਵ ਦੇ ਸਬੰਧ ਵਿਚ ਜਲੰਧਰ ਸ਼ਹਿਰ ਵਿਚ ਗੁਰੂ ਸੰਗਤ ਦੀ ਬਖਸ਼ਸ਼ ਨਾਲ ਇਕ ਮਹਾਨ ਕੀਰਤਨ ਸਮਾਗਮ ਹੋ ਰਿਹਾ ਹੈ, ਜਿਸ ਵਿਚ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਮੂਹ ਨਿਰਬਾਣ ਕੀਰਤਨੀ ਜਥੇ ਦੇਸ਼ ਭਰ ਵਿਚੋਂ ਪੁਜ ਰਹੇ ਹਨ, ਆਪ ਜੀ ਸ੍ਰਬਤ ਪਿਆਰੇ ਆਇ ਦੀਦਾਰ ਬਖਸ਼ੋ, ਅਤੇ ਕੀਰਤਨ ਧੁਨਾਂ ਵਿਚ ਜੋੜਨ ਲਈ ਸਹਾਇਤਾ ਬਖਸ਼ੋ।

## * ਕੀਰਤਨ ਪ੍ਰੋਗਰਾਮ *

### ੧੧-੧੧-੭੦ ਦਿਨ ਬੁਧਵਾਰ

(ੳ) ਕੀਰਤਨ ਆਸਾ ਦੀ ਵਾਰ ਅਰੰਭ ਤਿੰਨ ਵਜੇ ਉਪਰੰਤ ਸ੍ਰੀ ਅਖੰਡ ਪਾਠ ਪ੍ਰਾਰੰਭ ੬ ਵਜੇ ਲਾਇਲਪੁਰ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਅਖੰਡ ਕੀਰਤਨ ੭ ਤੋਂ ੧੨ ਵਜੇ ਤਕ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ, ਜਲੰਧਰ।

(ੲ) ਸ਼ਾਮ ੬ ਤੋਂ ਸਾਢੇ ੮ ਤਕ ਕੀਰਤਨ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

### ੧੨-੧੧-੭੦ ਦਿਨ ਵੀਰਵਾਰ

(ੳ) ਕੀਰਤਨ ਆਸਾ ਦੀ ਵਾਰ ਅਰੰਭ ੪ ਵਜੇ ਅੰਮ੍ਰਿਤ ਵੇਲੇ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਸ਼ਾਮ ੬ ਵਜੇ ਤੋਂ ਸਾਢੇ ੮ ਵਜੇ ਤਕ ਕੀਰਤਨ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ, ਜਲੰਧਰ।

### ੧੩-੧੧-੭੦ ਦਿਨ ਸ਼ੁਕਰਵਾਰ

(ੳ) ਸਮਾਪਤੀ ਸ੍ਰੀ ਅਖੰਡ ਪਾਠ, ੬ ਵਜੇ ਅੰਮ੍ਰਿਤ ਵੇਲੇ ਉਪਰੰਤ ਕੀਰਤਨ ਆਸਾ ਦੀ ਵਾਰ ਪੰਡਾਲ ਲਾਇਲਪੁਰ ਖਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

(ਅ) ਸ਼ਾਮ ੮ ਵਜੇ ਪ੍ਰਾਰੰਭ ਰੈਣ ਸਬਾਈ ਕੀਰਤਨ ਚਲ ਸੋ ਚਲ, ਲਾਇਲਪੁਰ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ।

ਨੋਟ— (ੳ) ਅੰਮ੍ਰਿਤ ਸੰਚਾਰ ੧੩-੧੧-੭੦ ਸ਼ੁਕਰਵਾਰ, ੧੨ ਵਜੇ ਦਿਨ ਦੇ ਲਾਇਲਪੁਰ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ ਵਿਖੇ ਹੋਵੇਗਾ।

(ਅ) ਬਾਹਰੋਂ ਆਉਣ ਵਾਲੀਆਂ ਸੰਗਤਾਂ ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕਿਰਪਾਲਤਾ ਕਰਨ।

(ੲ) ਬਾਹਰੋਂ ਆਉਣ ਵਾਲੀਆਂ ਸੰਗਤਾਂ ਦੇ ਉਤਾਰੇ ਦਾ ਪ੍ਰਬੰਧ ਲਾਇਲਪੁਰ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ ਵਿਚ ਹੋਵੇਗਾ।

ਪੁਛਗਿੱਛ ਲਈ—ਨਿਰਬਾਣ ਕੀਰਤਨੀ ਜਥਾ,
438 W.G/B ਗੁਰੂ ਨਾਨਕ ਪੁਰਾ (ਸਿਰਾਜ ਗੰਜ)
ਜਲੰਧਰ ਸ਼ਹਿਰ।

ਦਾਸਰੇ—
ਨਿਰਬਾਣ ਕੀਰਤਨੀ ਜਥਾ,
ਜਲੰਧਰ ਸ਼ਹਿਰ।

www.AKJ.Org

'SURA' (*Fourtnightly*) Patiala. Registred No. P. 79

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ਜੇਲ੍ਹ ਚਿੱਠੀਆਂ | ੫-੦੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ |
| ਗੁਰਮਤ ਲੇਖ | ੨-੫੦ |
| ਗੁਰਮਤ ਬਬੇਕ | ੩-੦੦ |
| ਸੱਚਖੰਡ ਦਰਸ਼ਨ | ੦-੭੫ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ |
| ਚਰਨ ਕਮਲ ਕੀ ਮਉਜ | ੦-੯੦ |
| ਅਣਡਿਠੀ ਦੁਨੀਆਂ | ੪-੦੦ |
| ਅੰਮ੍ਰਿਤ ਕਲਾ | ੦-੪੦ |
| ਅੰਮ੍ਰਿਤ ਕੀ ਹੈ ? | ੦-੩੦ |
| ਸੁਪਨਾ | ੦-੩੦ |
| ਬਾਬਾ ਵੈਦ ਰੋਗੀਆਂ ਦਾ | ੦-੨੦ |
| ਗਯਾਨ ਚਾਨਣਾ | ੦-੧੦ |
| ਰੰਗਲੇ ਸਜਣ | ੨-੫੦ |
| ਸਿੱਖ ਕੌਣ ਹੈ ? | ੦-੧੫ |
| ਆਸਤਕ ਨਾਸਤਕ | ੦-੧੫ |
| ਕੋ ਵਿਰਲਾ ਗੁਰਮਤਿ ਚਲੈ | ੦-੨੦ |
| ਸਚੀਆਂ ਦਾਹੜੀਆਂ | ੦-੧੨ |
| ਸੰਤ ਪਦ ਨਿਰਣੈ | ੨-੨੫ |
| ਗੁਰਮਤ ਰਮਜ਼ਾਂ | ੦-੬੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |
| ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤਿ ਗੌਰਵਤਾ | ੫-੦੦ |
| ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਵਾਹਿਗੁਰੂ ਸਿਮਰਨ | ੦-੨੦ |
| ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਗੁਰਮਤ ਵਿਚਾਰ | ੦-੮੦ |
| ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਨਾਮ ਸਬੰਧੀ ਵਿਚਾਰ | ੦-੫੦ |
| ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ਸੌਖਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੮-੦੦ |
| ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ । ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ ।

ਪੁਸਤਕਾਂ ਮਿਲਣ ਦਾ ਪਤਾ :—

## ਸੂਰਾ ਪੁਸਤਕ ਭੰਡਾਰ ਧੋਬੀ ਘਾਟ, ਪਟਿਆਲਾ ।

www.AKJ.Org